# ਕੂਕਿਆਂ ਦਾ ਪੰਥ ਨਿਰਾਲਾ

(ਇਤਿਹਾਸਕ)

# ਕਿੱਥੇ ਕੀ?


1. ਅਰਸ਼ੀ ਚਾਨਣ ........ 11
2. ਘਰ ਦੀ ਬੈਠਕ ........ 24
3. ਜਨਮ ਅਸ਼ਟਮੀ ........ 37
4. ਬਸੰਤ ਪੰਚਮੀ ........ 46
5. ਕਵੀ ਸੰਮੇਲਨ ........ 55
6. ਕੈਸੇ ਕੈਸੇ ਹਨ ਨਾਮਧਾਰੀ? ........ 58
7. ਅੰਤਕਾ ........ 93

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

# ਅਰਸ਼ੀ ਚਾਨਣ

ਸੇਵਾ ਸਿੰਘ : ਕੂਕਾ! ਕੂਕਾ!! ਕੂਕਾ!!!

ਨਿਧਾਧ ਸਿੰਘ : ਹਾਂ ਕੂਕਾ, ਸ੍ਰੀ ਸਤਿਗੁਰੂ ਰਾਮ ਸਿੰਘ ਦਾ ਸਿੱਖ।

ਸੇਵਾ ਸਿੰਘ : ਕੂਕੇ ਬੇ ਸਲੂਕੇ ਗੜਵੀ ਨਹੀਂ ਦੇਂਦੇ ਨਹਾਉਣ ਨੂੰ।

ਨਿਧਾਨ ਸਿੰਘ : ਕਿਉਂ ਦੇਣ? ਆਪ ਸੇਵਾ ਕਰਨੀ ਚਾਹੁੰਦੇ ਹਨ। ਪਰ ਸੋਹਣਿਉ! ਧੰਨ ਓ! ਤੁਸੀਂ, ਜਿਨ੍ਹਾਂ ਕੂਕਿਆਂ ਦੀ ਸਾਰ ਜਾਣੀ।

ਸੇਵਾ ਸਿੰਘ : ਅਸੀਂ ਜਾਣਦੇ ਆਂ, ਸ਼ਰਦਾਈ ਪੀਣਿਆ ਨੂੰ।

ਨਿਧਾਨ ਸਿੰਘ : ਬਸ ਏਨਾ ਈ!

ਸੇਵਾ ਸਿੰਘ : ਹੋਰ ਤੁਸਾਂ ਕਿਹੜੀ ਕਿਲੀ ਘੁੰਡੀ ਏ? ਖਾ ਲਿਆ ਤੇ ਮਾਲਾ ਫੇਰ ਲਈ।

ਨਿਧਾਨ ਸਿੰਘ : ਕੂਕਿਆਂ ਦੀ ਚਰਨੀ ਹੱਥ ਲਾਓ, ਇਨ੍ਹਾਂ ਦੇ ਪੈਰ ਧੋ ਧੋ ਪੀਓ, ਜਿਨ੍ਹਾਂ ਦਾੜ੍ਹੀਆਂ ਨੂੰ ਬਚਾਇਆ; ਕੇਸਾਂ ਨੂੰ ਕਾਇਮ ਰਖਿਆ; ਨਹੀਂ ਤਾਂ ਸਭ ਟੋਪਾਂ ਤੇ ਪੈਂਟਾਂ ਵਾਲੇ ਵਖਾਈ ਦੇਂਦੇ।

ਸੇਵਾ ਸਿੰਘ : ਬਲੇ ਓਏ ਦਾਲ ਪੀਣਿਓ! ਜੇ ਕੂਕੇ ਨਾ ਹੁੰਦੇ ਤਾਂ ਸੂਰਜ ਨਾ ਚੜ੍ਹਦਾ।

ਨਿਧਾਨ ਸਿੰਘ : ਤੂੰ ਠੀਕ ਬੁਝਿਆ ਏ, ਸਾਰੇ ਭਾਰਤ ਤੇ ਕਾਲੀ ਬੋਲੀ ਰਾਤ ਹੋਣੀ ਸੀ। ਨਹੀਂ, ਨਹੀਂ ਸਗੋਂ ਸਾਰੇ ਵਿਸ਼ਵ ਤੇ ਗੋਰਿਆਂ ਦੀ ਤੂਤੀ ਬੋਲਣੀ ਸੀ।

ਕਰਤਾਰ ਸਿੰਘ : ਕੂਕੇ ਵੀ ਕੋਈ ਬੰਦੇ ਨੇ? ਇਨ੍ਹਾਂ ਦਾ ਕੋਈ ਐਟੀਕੇਟ ਏ! ਨਾ ਖਾਣ ਦੀ ਜਾਚ, ਨਾ ਪੀਣ ਦੀ ਜਾਚ। ਜ਼ਰਾ ਸ਼ੀਸ਼ੇ ਨਾਲ ਮੂੰਹ ਵੇਖ, ਇਹ ਠਿਬੀ ਪੱਗ, ਇਹ ਲੱਤਾਂ ਤੇ ਚਾੜ ਸੀਤ ਲੱਠਾ, ਨਾ ਟਾਈ ਨਾ ਪੈਂਟ, ਨਾ ਬੂਟ ਨਾ ਸੂਟ।

ਸੁਸਾਇਟੀ ਵਿਚ ਬਹਿਣ ਦੀ ਕੋਈ ਐਟੀਕੇਟ ਨਹੀਂ ਆਉਂਦਾ।

ਮੰਗਲ ਸਿੰਘ : ਵੱਡੇ ਐਟੀਕੇਟ ਵਾਲੇ! ਇਸ ਠਿਬੀ ਪੱਗ ਵਾਲੇ ਉਸ ਵੇਲੇ ਕੂਕ ਮਾਰੀ ਜਦ ਗੋਰਿਆਂ ਨੇ ਗ਼ੁਲਾਮੀ ਦਾ ਕਲੋਰੋ ਫ਼ਾਰਮ ਸੁੰਘਾ ਸਾਰੇ ਭਾਰਤ ਨੂੰ ਬੇਹੋਸ਼ ਕਰ ਦਿੱਤਾ ਸੀ। ਵੱਡੀਆਂ ਵੱਡੀਆਂ ਪੱਗਾਂ ਵਾਲੇ ਗੋਰਿਆਂ ਨੂੰ ਝੁਕ ਝੁਕ ਕੇ ਸਲਾਮਾਂ ਕਰਦੇ ਸਨ। ਇਹ ਸਤਿਗੁਰੂ ਰਾਮ ਸਿੰਘ ਜੀ ਸਨ, ਜਿਨ੍ਹਾਂ ਨੇ ਭਾਰਤੀਆਂ ਨੂੰ ਹੋਸ਼ ਵਿਚ ਲਿਆਂਦਾ।

ਰਾਜ ਕੁਮਾਰ : ਐਵੇਂ ਮੁੰਡਿਆਂ ਵਾਲੇ ਭੇੜ ਨਾ ਭਿੜੀ ਜਾਓ, ਵਿਚਾਰ ਨਾਲ ਗੱਲ ਕਰੋ, ਤਾਂਕਿ ਸਾਡੇ ਵੀ ਕੁਝ ਪੱਲੇ ਪਵੇ।

ਮੰਗਲ ਸਿੰਘ : ਅਸੀਂ ਲੜਦੇ ਨਹੀਂ; ਇਹ ਤਾਂ ਖ਼ਾਲਸਿਆਂ ਦੇ ਬੋਲ ਬਾਲੇ ਹਨ।

ਰਾਜ ਕੁਮਾਰ : ਦਲੀਪ ਤੂੰ ਮੈਨੂੰ ਇਹ ਸਮਝਾ ਕਿ ਤੁਹਾਡੀ ਪੱਗ ਗੋਲ ਕਿਉਂ ਏ ਤੇ ਇਨ੍ਹਾਂ ਦੀ ਨੋਕਵਾਲੀ?

ਦਲੀਪ ਸਿੰਘ : ਇਹ ਗੱਲ ਤੂੰ ਇਨ੍ਹਾਂ ਤੋਂ ਪੁੱਛ। ਸਾਡੀ ਪੱਗ ਤਾਂ ਖ਼ਾਲਸਿਆਂ ਵਾਲੀ ਏ। ਤੂੰ ਕਦੇ ਚਾਰੋਂ ਸਾਹਿਬਜ਼ਾਦਿਆਂ ਦੀ ਤੇ ਪੰਜਾਂ ਪਿਆਰਿਆਂ ਦੀਆਂ ਤਸਵੀਰਾਂ ਵੇਖੀਆਂ ਹਨ? ਉਹ ਛਪੀਆਂ ਵੀ ਇਨ੍ਹਾਂ ਦੇ ਪ੍ਰੈਸਾਂ ਵਿੱਚੋਂ ਹਨ।

ਰਾਜ ਕੁਮਾਰ : ਹਾਂ ਵੇਖੀਆਂ ਹਨ।

ਦਲੀਪ ਸਿੰਘ : ਲੈ ਆ ਵੇਖ, ਇਹ ਹਨ ਬਾਬਾ ਅਜੀਤ ਸਿੰਘ, ਜੁਝਾਰ ਸਿੰਘ, ਜ਼ੋਰਾਵਰ ਸਿੰਘ ਅਤੇ ਫਤਹ ਸਿੰਘ, ਤੇ ਇਹ ਹਨ ਭਾਈ ਦਇਆ ਸਿੰਘ, ਧਰਮ ਸਿੰਘ, ਹਿੰਮਤ ਸਿੰਘ, ਮੁਹਕਮ ਸਿੰਘ ਤੇ ਭਾਈ ਸਾਹਿਬ ਸਿੰਘ।

ਰਾਜ ਕੁਮਾਰ : ਭਾਈ! ਕੂਕਿਆਂ ਦੀਆਂ ਪੱਗਾਂ ਠੀਕ ਹਨ ਇਨ੍ਹਾਂ ਸੂਰਮਿਆਂ ਵਰਗੀਆਂ ਹਨ। ਇਸ ਗੱਲੋਂ ਤਾਂ ਕੂਕੇ ਸਚੇ ਸੁੱਚੇ ਹਨ। ਤੂੰ ਦਸ ਸਕਦਾ ਏਂ ਕਿ ਇਹ ਫ਼ਰਕ ਕਿਉਂ?

ਦਲੀਪ ਸਿੰਘ : ਫ਼ਰਕ ਤਾਂ ਪਾਇਆ ਇਨ੍ਹਾਂ ਭਲੇ ਮਾਨਸਾਂ, ਅਸੀਂ ਤਾਂ ਉਸੇ ਸਿੱਧੀ ਸੜਕ ਮੁਰੱਬਿਆਂ ਨੂੰ ਜਾਣ ਵਾਲੀ ਤੇ ਤੁਰੇ ਜਾ ਰਹੇ ਹਾਂ। ਜਿਸ ਰਾਹੇ ਗੁਰੂ ਸਾਹਿਬਾਨ, ਸਿੱਖ ਸੂਰਮੇ, ਜਪੀ ਤਪੀ ਚਲਦੇ ਆਏ ਹਨ। ਇਨ੍ਹਾਂ ਨੂੰ ਇਹ ਰੰਗ ਗੋਰਿਆਂ ਚਾੜਿਆ। ਉਹ ਬੜਾ ਸ਼ਾਤਰ ਸੀ। ਉਸ ਸੋਚਿਆ ਕਿ ਜੇਕਰ ਸਿੱਖਾਂ ਵਾਲੀ ਸਪਿਰਟ ਰਹੀ, ਤਾਂ ਅਸੀਂ ਰਾਜ ਨਹੀਂ

ਕਰ ਸਕਦੇ ਸਿੱਖ ਕੀ ਤੇ ਗ਼ੁਲਾਮੀ ਕੀ? ਉਹ ਨਾ ਆਪ ਗ਼ੁਲਾਮ ਹੁੰਦਾ ਹੈ, ਨਾ ਹੋਰਨਾਂ ਨੂੰ ਗ਼ੁਲਾਮ ਵੇਖ ਸਕਦਾ ਹੈ। ਹਿੰਦ ਦੀ ਚਾਦਰ ਗੁਰੂ ਤੇਗ਼ ਬਹਾਦਰ ਜੀ ਦਾ ਕਥਨ ਹੈ।

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ॥**
**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨ॥**

ਜਗਦੀਸ਼ ਸਿੰਘ : ਤੁਸੀਂ ਪੰਜਾਬ ਦਾ ਇਤਿਹਾਸ ਨਹੀਂ ਪੜ੍ਹਿਆ। ਪੰਡਿਤ ਸੁੰਦਰ ਲਾਲ ਜੀ ਨੇ ਜੋ ਇਤਿਹਾਸ ਲਿਖਿਆ ਹੈ ਉਸ ਵਿਚ ਗੋਰੇ ਸਾਮਰਾਜੀ ਨੂੰ ਪਾਣੀ ਪੀ ਪੀ ਕੋਸਿਆ ਹੈ। ਉਸ ਵਿਚ ਉਨ੍ਹਾਂ ਦੇ ਚੰਗੇ ਪਰਦੇ ਪਾੜੇ ਹਨ ਕਿ ਕਿਵੇਂ ਅੰਗਰੇਜ਼ਾਂ ਨੇ ਪੰਜਾਬ ਨੂੰ ਧੋਖੇ ਨਾਲ ਹੜਪਿਆ। ਭਰਾ ਨਾਲ ਭਰਾ ਭਿੜਾਇਆ। ਲਹੂ ਦੀ ਹੋਲੀ ਖੇਡੀ। ਮੁੜ ਬੰਦਰ ਬਾਟ ਕੀਤੀ। ਹਰ ਤਬਕੇ ਵਿੱਚੋਂ ਪੜ੍ਹੇ ਲਿਖੇ ਖ਼ਰੀਦ ਲਏ। ਉਨ੍ਹਾਂ ਪਾਸੋਂ ਮਨ ਮਰਜ਼ੀ ਦਾ ਲਿਖਵਾਇਆ। ਹਿੰਦੂਆਂ ਨੂੰ ਸਿੱਖਾਂ ਤੋਂ ਵੱਖ ਕਰਨ ਲਈ ਪੂਰਾ ਵਾਹ ਲਾਇਆ। ਜੋ ਕੁਝ ਅੱਜ ਹੋ ਰਿਹਾ ਹੈ। ਇਹ ਉਹ ਬੀ ਉਗ ਰਹੇ ਹਨ।

ਰਾਜ ਕੁਮਾਰ : ਗੱਲ ਤਾਂ ਸੋਲ੍ਹਾਂ ਆਨੇ ਸੱਚੀ ਏ। ਕੂਕਿਆਂ ਨੂੰ ਗ਼ਲਤ ਨਹੀਂ ਆਖਿਆ ਜਾ ਸਕਦਾ। ਐਵੇਂ ਸੁੱਟ ਪਾਣ ਵਾਲੀ ਗੱਲ ਨਹੀਂ।

ਜਗਦੀਸ਼ ਸਿੰਘ : ਮਿਤਰੋ! ਇਨ੍ਹਾਂ ਸ਼ੇਰ ਬੱਕਰੀ ਇੱਕੋ ਘਾਟ ਪਾਣੀ ਪਲਾਣ ਦਾ ਦਾਵਾ ਕਰਨ ਵਾਲਿਆਂ ਇੱਥੇ ਹੀ ਬਸ ਨਹੀਂ ਕੀਤਾ। ਤੰਦ ਨਹੀਂ ਤਾਣੀ ਵਗਾੜ ਦਿੱਤੀ। ਮਾਸ ਦਾ ਚਸਕਾ ਲਾ ਦਿੱਤਾ। ਸ਼ਰਾਬ ਦੀ ਲੱਤ ਪਾ ਦਿੱਤੀ। ਤੁਸੀਂ ਨਹੀਂ ਵੇਖ ਰਹੇ ਰਹਿਣ ਸਹਿਣ ਦਾ ਢਾਂਚਾ ਵਿਗੜਿਆ ਹੋਇਆ ਹੈ, ਇਹ ਸਭ ਉਨ੍ਹਾਂ ਦੀਆਂ ਮਿਹਰਬਾਨੀਆਂ ਹਨ।

ਸ਼ਿਵ ਕੁਮਾਰ : ਕੂਕੇ ਮਾਸ ਨਹੀਂ ਖਾਂਦੇ? ਮੈਂ ਤਾਂ ਸਮਝਦਾ ਰਿਹਾ ਹਾਂ, ਉਹ ਸਿੱਖ ਹੀ ਨਹੀਂ ਜਿਹੜਾ ਮਾਸ ਨਹੀਂ ਖਾਂਦਾ।

ਸੁਰਜੀਤ ਸਿੰਘ : ਇਨ੍ਹਾਂ ਦਾਲ ਪੀਣਿਆਂ ਦੀ ਗੱਲ ਵਲ ਧਿਆਨ ਨਾ ਕਰੋ। ਸਿੰਘ ਸੂਰਮੇ ਮਾਸ ਖਾਂਦੇ ਹਨ, ਜੰਗਾਂ ਜਿੱਤਦੇ ਹਨ। ਦੇਸ਼ ਦੀ ਰਾਖੀ ਕਰਦੇ ਹਨ।

ਨਰਿੰਦਰ ਸਿੰਘ : ਕੂਕੇ ਦਾਲ ਪੀਣੇ ਨਹੀਂ, ਦਾਲ ਪੀਹਣੇ ਹਨ। ਇਹ ਮਨੁੱਖ ਦੇ ਅੰਦਰਲੇ ਸ਼ਤਰੂਆਂ ਨੂੰ ਮਲ ਮਲ ਪੀਂਹਦੇ ਹਨ।

ਸ਼ਿਵ ਕੁਮਾਰ : ਸਿੱਖ ਆਂਡਾ ਵੀ ਨਹੀਂ ਖਾਂਦੇ?

ਨਰਿੰਦਰ ਸਿੰਘ : ਭਲਿਓ ਪੁਰਸ਼ੋ! ਸ੍ਰੀ ਗੁਰੂ ਨਾਨਕ ਦੇਵ ਜੀ ਭਾਰਤ ਵਰਸ਼ ਨੂੰ ਜਿਲਣ ਵਿੱਚੋਂ ਕੱਢ ਆਪਣੇ ਮਿਸ਼ਨ ਦੀ ਨਵੀਂ ਨੀਂਹ ਰੱਖੀ, ਜਿਸ ਦੀ ਆਧਾਰ-ਸ਼ਿਲਾ ਦਇਆ ਹੈ:-

**ਧੌਲ ਧਰਮੁ ਦਇਆ ਕਾ ਪੂਤੁ॥**
**ਸੰਤੋਖ ਥਾਪਿ ਰਖਿਆ ਜਿਨਿ ਸੁਤਿ॥**

ਇਸ ਗੱਲ ਦੀ ਪੁਸ਼ਟੀ ਸ੍ਰੀ ਗੁਰੂ ਅਰਜਨ ਦੇਵ ਜੀ ਕੀਤੀ ਹੈ:-

**ਮਾਘਿ ਮਜਨੁ ਸੰਗਿ ਸਾਧੂਆਂ ਧੂੜੀ ਕਰਿ ਇਸਨਾਨ॥**
**ਹਰਿ ਕਾ ਨਾਮ ਧਿਆਇ ਸੁਣਿ ਸਭਨਾ ਕਰਿ ਦਾਨਿ॥**
**ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ॥**
**ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭ ਸੁਆਨੁ॥**
**ਸਚੈ ਮਾਗ ਚਲਦਿਆਂ ਉਸਤਤਿ ਕਰੇ ਜਹਾਨ**
**ਅਠਸਠਿ ਤੀਰਥ ਸਗਲ ਪੁੰਨ ਜੀਆ ਦਇਆ ਪਰਵਾਨੁ॥**

ਸੁਰਜੀਤ ਸਿੰਘ : ਮਾਸ ਖਾਣਾ ਸ਼ੇਰ ਦਾ ਕੰਮ ਹੈ। ਗੁਰੂ ਜੀ ਆਪ ਸ਼ਿਕਾਰ ਖੇਡਦ ਸਨ; ਸਿੰਘਾਂ ਨੂੰ ਬਲੀ ਬਣਾਂਦੇ ਸਨ।

ਆਤਮਾ ਸਿੰਘ : ਤੁਸੀਂ ਗੁਰੂਆਂ ਦੀ ਰੀਸ ਕਰਦੇ ਹੋ? ਕਿੱਥੇ ਰਾਜਾ ਭੋਜ ਕਿੱਥੇ ਗੰਗੂ ਤੇਲੀ। ਕੁਝ ਸ਼ਰਮ ਕਰੋ! ਗੁਰੂ ਤਾਂ ਸਰਬ ਕਲਾ ਸਮਰੱਥ ਹੁੰਦੇ ਹਨ। ਸਮਰੱਥ ਨੂੰ ਦੋਸ਼ ਨਹੀਂ। ਉਹ ਮਾਰ ਸਕਦੇ ਹਨ; ਜੀਵਾਲ ਸਕਦੇ ਹਨ ਉਹ ਸ਼ਿਕਾਰ ਜ਼ਰੂਰ ਕਰਦੇ ਸਨ, ਪਰ ਮਾਸ ਦੇ ਨੇੜੇ ਨਹੀਂ ਜਾਂਦੇ ਸਨ।

ਸ਼ਿਵ ਕੁਮਾਰ : ਵਾਹ ਭਈ ਵਾਹ! ਅੱਜ ਤਾਂ ਨਵਾਂ ਸੂਰਜ ਚੜ੍ਹਿਆ ਏ। ਅਸੀਂ ਤਾਂ ਹਨ੍ਹੇਰੇ 'ਚ ਠੋਕਰਾਂ ਖਾਂਦੇ ਰਹੇ। ਜਾਣਿਆ ਮਾਸ ਖਾਣਾ ਗੁਰੂ ਕਾ ਹੁਕਮ ਹੈ।

ਆਤਮਾ ਸਿੰਘ : ਹੁਕਮ ਹੈ; ਮਨ ਮਰਜ਼ੀ ਦੀ ਖੇਡ। ਜੋ ਮਰਜ਼ੀ ਆਇਆ ਹੁਕਮ ਬਣਾ ਲਿਆ ਦਸਵੇਂ ਗੁਰੂ ਜੀ ਦਾ ਕਥਨ ਹੈ:-

**ਭੱਖ ਅਭੱਖ ਸਮਝੈ ਨਹੀਂ, ਮਧ ਮਾਸ ਪਰ ਨਾਰਿ**
**ਤੈਂ ਚੰਡਾਲ ਤਿਆਗ ਕਰ, ਮੇਰਾ ਸਿੱਖ ਨ ਨਿਹਾਰ**

ਇਹ ਤਾਂ ਮਾਸ ਦੇ ਚਟਖੋਰਿਆਂ ਮਾਸ ਦਾ ਨਾਉ ਮਹਾਂ ਪ੍ਰਸਾਦਿ ਰੱਖ ਦਿਤਾ। ਸੰਸਾਰ ਦੇ ਕਿਸੇ ਧਰਮ ਵਿਚ ਮਾਸ ਖਾਣ ਦੀ ਆਗਿਆ ਨਹੀਂ। ਇਸਲਾਮ ਨਾ ਈਸਾਈ,

ਹਿੰਦੂ ਮਤ ਨਾ ਜੈਨ ਮਤ ਹਿੰਦੂ ਮਤ ਤਾਂ ਗੰਢੇ ਖਾਣ ਤੋਂ ਵੀ ਪਰਹੇਜ਼ ਕਰਦਾ ਹੈ।

ਸ਼ਿਵ ਕੁਮਾਰ : ਮੇਰੀ ਤਾਂ ਪੂਰੀ ਤਸੱਲੀ ਹੋ ਗਈ ਕਿ ਮਾਸ ਖਾਣਾ ਮਨੁੱਖ ਦਾ ਆਹਾਰ ਨਹੀਂ।

ਆਤਮਾ ਸਿੰਘ : ਹੋਰ ਸੁਣੋ ਪੰਡਤ ਗੁਪਾਲ ਸਿੰਘ ਜੀ ਬੜੇ ਮਜ਼ਾਕੀਆਂ ਢੰਗ ਨਾਲ ਆਖਿਆ ਕਰਦੇ ਹਨ ਕਿ ਮੁਸਲਮਾਨ ਮਾਸ ਖਾਂਦੇ ਹਨ, ਉਨ੍ਹਾਂ ਦੀ ਬੁੱਧੀ ਮਲੀਣ; ਹਿਸਾਬ ਗ਼ਲਤ। ਸਾਰੇ ਇਕ ਦਿਨ ਈਦ ਨਹੀਂ ਮਨਾ ਸਕਦੇ। ਅੱਜ ਦਿੱਲੀ, ਕੱਲ੍ਹ ਲਖਨਊ, ਪਰਸੋਂ ਸ਼ਰੀਨਗਰ। ਹਿੰਦੂ ਗਊ ਦਾ ਦੁੱਧ ਪੀਂਦੇ ਹਨ, ਉਨ੍ਹਾਂ ਦੀ ਇਤਨੀ ਤੀਖਣ ਬੁੱਧੀ ਹੈ, ਕਿ ਸਾਰੇ ਸਾਲ ਦਾ ਵੇਰਵਾ ਪਹਿਲਾਂ ਹੀ ਦਸ ਦੇਣਗੇ, ਕਿ ਸੂਰਜ ਕਿੱਥੇ ਹੈ ਚੰਦਰਮਾ ਦੀ ਕੀ ਚਾਲ ਹੈ।

ਸ਼ਿਵ ਕੁਮਾਰ : ਗੁਸਤਾਫ਼ੀ ਮਾਫ਼ ਮੈਂ ਪੁੱਛ ਸਕਦਾ ਹਾਂ ਕਿ ਤੁਸੀਂ ਚਿੱਟੇ ਕੱਪੜੇ ਕਿਉਂ ਪਾਂਦੇ ਹੋ? ਅੱਜ-ਕੱਲ੍ਹ ਵਾਂਗੂੰ ਜੈਂਟਲਮੈਨ ਕਿਉਂ ਨਹੀਂ ਬਣਦੇ।

ਆਤਮਾ ਸਿੰਘ : ਜੇ ਕੱਪੜਿਆਂ ਨਾਲ ਜੈਂਟਲਮੈਨ ਬਣਿਆ ਜਾਂਦਾ ਤਾਂ ਮਹਾਤਮਾ ਗਾਂਧੀ ਜੈਂਟਲਮੈਨ ਨਹੀਂ ਸਨ ਅਖਵਾ ਸਕਦੇ। ਇਕ ਵੇਰ ਉਨ੍ਹਾਂ ਨੂੰ ਵੀ ਵਲੈਤ ਜਾ ਕੇ ਜੈਂਟਲਮੈਨੀ ਦਾ ਭੂਤ ਸਵਾਰ ਹੋਇਆ। ਕਲੀਨ ਸ਼ੇਵ ਹੋ, ਟੋਪ ਟਾਈ ਨਾਲ ਸ਼ੰਗਾਰ ਲਿਆ ਪਰ ਉਨ੍ਹਾਂ ਨੂੰ ਛੇਤੀ ਸੋਝੀ ਆ ਗਈ। ਉਹ ਯੂਰਪੀਨ ਜੈਂਟਲਮੈਨ ਬਣਦੇ ਬਣਦੇ ਪੂਰਬੀ ਸਭਿਅਤਾ ਦੇ ਜੈਂਟਲਮੈਨ ਬਣ ਗਏ।

ਸ਼ਿਵ ਕੁਮਾਰ : ਤੁਸੀਂ ਆਪਣੀ ਗੱਲ ਕਰੋ, ਹੋਰਨਾਂ ਦੀ ਛੱਡੋ।

ਦਲੀਪ ਸਿੰਘ : ਸੁਣੋ! ਭਾਰਤ ਅਧਿਆਤਮਿਕ ਵਾਦੀ ਦੇਸ਼ ਹੈ। ਇੱਥੋਂ ਦੇ ਰਿਸ਼ੀਆਂ ਮੁਨੀਆਂ ਸਮੇਂ ਦੀ ਵੰਡ ਕਰ ਰਖੀ ਹੈ। ਖਾਣ ਪੀਣ ਦੀ ਵੰਡ, ਰੁੱਖਾਂ ਬ੍ਰਿਛਾਂ ਦੀ ਵੰਡ, ਰੰਗ ਰੂਪ ਦੀ ਵੰਡ ਤੇ ਸਮੇਂ ਦੀ ਵੰਡ। ਇਹ ਕੇਵਲ ਖ਼ਿਆਲੀ ਪਲਾਓ ਨਹੀਂ। ਇਨ੍ਹਾਂ ਸਭਨਾਂ ਦਾ ਅਧਾਰ ਹੈ। ਉਸ ਵਿਚ ਕੋਈ ਫ਼ਿਲਾਸਫ਼ੀ ਹੈ।

ਸ਼ਿਵ ਕੁਮਾਰ : ਉਹ ਕਿਵੇਂ?

ਦਲੀਪ ਸਿੰਘ : ਉਨ੍ਹਾਂ ਸਮੇਂ ਨੂੰ ਚਾਰ ਭਾਗਾਂ ਵਿਚ ਵੰਡਿਆ ਹੈ; ਜਿਵੇਂ ਸਤਿਜੁਗ, ਤ੍ਰੇਤਾ, ਦੁਆਪਰ, ਕਲਿਜੁਗ। ਇਨ੍ਹਾਂ ਸਮਿਆਂ ਵਿਚ ਮਨੁੱਖ ਦਾ ਸੁਭਾਉ ਦੱਸਿਆ ਹੈ। ਉਹ ਸੁਭਾਉ,

ਖਾਣ ਪੀਣ ਪਹਿਨਣ ਤੇ ਹੈ। ਉਨ੍ਹਾਂ ਦੀ ਫ਼ਿਲਾਸਫ਼ੀ ਅਨੁਸਾਰ ਸਤਿਜੁਗ ਵਿਚ ਸ਼ਾਂਤਕੀ, ਸਾਦਗੀ ਤੇ ਸਤਿਵਾਦੀ। ਉਸ ਸਮੇਂ ਦੇ ਚਿੱਟੇ ਬਸਤਰ ਫਿਰ ਜੁਗ ਜੁਗ ਵਿਚ ਫਰਕ ਪੈਂਦਾ ਗਿਆ ਤੇ ਕਲਿਜੁਗ ਕਲਾ ਰੂਪ ਧਾਰਣ ਕਰ ਲਿਆ।

ਸ਼ਿਵ ਕੁਮਾਰ : ਭਾਰਤੀ ਸਭਿਅਤਾ, ਭਾਰਤੀ ਫ਼ਿਲਾਸਫ਼ੀ ਤੇ ਜਿੰਨਾ ਗੌਰਵ ਕਰੀਏ ਥੋੜ੍ਹਾ ਹੈ।

ਦਲੀਪ ਸਿੰਘ : ਮਹਾਂ ਪੁਰਸ਼ਾਂ ਸ੍ਵੈਤ ਰੰਗ ਨੂੰ ਸ਼ਾਂਤੀ, ਹਮਦਰਦੀ, ਪਿਆਰ ਤੇ ਸ਼ਰਾਫਤ ਦਾ ਪ੍ਰਤੀਕ ਦੱਸਿਆ ਹੈ। ਲਾਲ ਰੰਗ ਤਾਮਸੀ ਹੈ। ਸੋਨੇ ਦੇ ਗਹਿਣੇ ਪਾਣ ਵਾਲੀਆਂ ਇਸਤਰੀਆਂ ਦਾ ਆਮ ਤੌਰ ਤੇ ਤਾਮਸੀ ਸੁਭਾਉ ਹੁੰਦਾ ਹੈ। ਨੀਲਾ ਕਾਲਾ ਰੰਗ ਕੁਚੀਲ ਹਨ ਇਨ੍ਹਾਂ ਨਾਲ ਮਤ ਭਰਿਸ਼ਟੀ ਜਾਂਦੀ ਹੈ। ਮਨੁੱਖ ਦਾ ਚਰਿੱਤਰ ਹੌਲਾ ਹੁੰਦਾ ਹੈ। ਵਿਭਚਾਰ ਉਤਪਨ ਹੁੰਦਾ ਹੈ।

ਸ਼ਿਵ ਕੁਮਾਰ : ਕੂਕਿਓ! ਤੁਹਾਥੋਂ ਨਵੀਆਂ ਨਵੀਆਂ ਗੱਲਾਂ ਮਿਲ ਰਹੀਆਂ ਹਨ। ਅਸੀਂ ਤਾਂ ਸਮਝਦੇ ਰਹੇ, ਇਹ ਸਿੱਧੇ ਸਾਦੇ ਹਨ, ਪਰ ਤੁਸੀਂ ਤਾਂ ਗੁਣਾਂ ਦੇ ਗੁਥਲੇ ਹੋ। ਤੁਹਾਡੇ ਸਿਧਾਂਤਾਂ ਦਾ ਮੁੱਲ ਹੀਰਿਆਂ ਤੇ ਜਵਾਹਰਾਤਾਂ ਤੁੱਲ ਹੈ।

ਦਲੀਪ ਸਿੰਘ : ਕਈ ਵੈਦ ਨੀਲੀਆਂ, ਪੀਲੀਆਂ, ਲਾਲ ਸ਼ੀਸ਼ੀਆਂ ਰਾਹੀਂ ਸਰਦੀ ਗਰਮੀ ਦੇ ਰੋਗਾਂ ਦਾ ਇਲਾਜ਼ ਕਰਦੇ ਹਨ। ਉਨ੍ਹਾਂ ਦੇ ਇਲਾਜ਼ ਵਿਚ ਨਾ ਹਿੰਗ ਲਗੇ ਨਾ ਫਟਕੜੀ ਰੰਗ ਵੀ ਦੂਣਾ ਚੜ੍ਹੇ। ਪ੍ਰਤੱਖ ਨੂੰ ਪ੍ਰਮਾਣ ਕੀ। ਚਿੱਟਾ ਝੰਡਾ ਸੁਲਾਹ ਦਾ ਨਿਸ਼ਾਨ ਹੈ। ਜੰਗ ਜੋਰਾਂ ਤੇ ਹੋਵੇ; ਲੋਹੇ ਨਾਲ ਲੋਹਾ ਟਕਰਾ ਰਿਹਾ ਹੋਵੇ; ਲੋਥਾਂ ਤੇ ਲੋਥਾਂ ਡਿੱਗ ਰਹੀਆਂ ਹੋਣ, ਹਾਏ ਪਾਹਰਿਆਂ ਦੇ ਸ਼ੋਰ ਨੇ ਆਕਾਸ਼ ਸਿਰ ਤੇ ਚੁਕਿਆ ਹੋਵੇ; ਉੱਥੇ ਚਿੱਟਾ ਝੰਡਾ ਖੜਾ ਹੋ ਜਾਵੇ। ਇਕ ਦਮ ਸ਼ਾਂਤੀ। ਚਿੱਟੇ ਬਸਤਰ ਮਨ ਨੂੰ ਸ਼ਾਂਤ ਰਖਦੇ ਹਨ। ਤੁਸੀਂ ਡਾਕਟਰਾਂ ਜਾਂ ਨਰਸਾਂ ਦੀ ਡਿਊਟੀ ਸਮੇਂ ਦੀ ਵਰਦੀ ਨਹੀਂ ਦੇਖੀ, ਇਕ ਦਮ ਸਫ਼ੈਦ; ਭੜਕੀਲੇ ਕੱਪੜੇ ਮਨ ਦੀ ਉਤੇਜਨਾ ਵਧਾਂਦੇ ਹਨ ਮਨ ਨੂੰ ਮੈਲਾ ਕਰਦੇ ਹਨ।

ਪ੍ਰੇਮ ਦੱਤ : ਸ੍ਰੀਮਾਨ ਜੀ! ਤੁਹਾਡੀ ਇਹ ਕੂਕਾ ਅੱਲ ਕਿਵੇਂ ਪਈ, ਕੂਕੇ ਬੇ-ਸਲੂਕੇ ਗੜਵੀ ਨਾ ਦੇਂਦੇ ਨਹਾਉਣ ਨੂੰ?

ਮੰਗਲ ਸਿੰਘ : ਗੜਵੀ ਇਸ ਵਾਸਤੇ ਨਹੀਂ ਦੇਂਦੇ ਕਿ ਉਹ ਸੇਵਾ ਕਰਕੇ ਰਾਜ਼ੀ ਹਨ। ਤੁਸੀਂ ਕਦੇ ਇਨ੍ਹਾਂ ਦੇ ਸਮਾਗਮਾਂ ਤੇ ਗਏ ਹੋਵੋ ਤਾਂ ਤੁਹਾਨੂੰ ਪਤਾ ਲੱਗੇ ਕਿ ਕਿਵੇਂ ਸਵੇਰੇ ਦੋ-ਢਾਈ ਵਜੇ ਤੋਂ ਡੋਲ ਕੱਢ ਕੱਢ ਦੂਸਰਿਆਂ ਦੇ ਇਸ਼ਨਾਨ ਕਰਾਂਦੇ ਹਨ। ਸਾਰਾ ਦਿਨ ਪਿਆਸਿਆਂ ਦੀ ਪਿਆਸ ਬੁਝਾਂਦੇ ਹਨ।

ਪ੍ਰੇਮ ਦੱਤ : ਤੇ ਅੱਲ ਬਾਰੇ?

ਮੰਗਲ ਸਿੰਘ : ਜਦ ਪੰਜਾਬ ਗੋਰਿਆਂ ਦੇ ਅਧੀਨ ਹੋ ਗਿਆ, ਆਮ ਲੋਕ ਬ੍ਰਕਾਤੇ ਇੰਗਲਿਸ਼ੀਆਂ ਦੇ ਗੁਣ ਗਾਣ ਲੱਗੇ ਤਾਂ ਸਤਿਗੁਰੂ ਰਾਮ ਸਿੰਘ ਆਜ਼ਾਦੀ ਦੀ ਬਿਗਲ ਵਜਾਇਆ। ਨਾ ਮਿਲਵਰਤਨ ਦਾ ਸ਼ਸਤਰ ਦਿੱਤਾ। ਸਕੂਲਾਂ ਕਾਲਜਾਂ ਦੇ ਬਾਈਕਾਟ ਦੀ ਲਹਿਰ ਤੋਰੀ। ਇਸ ਦੇ ਨਾਲ ਹੀ ਇਹ ਆਜ਼ਾਦੀ ਦੇ ਤਰਾਨੇ, ਤੇ ਰੱਬੀ ਗੀਤ ਉੱਚੀ ਉੱਚੀ ਪੜ੍ਹਦੇ ਸਨ, ਤਦ ਤੋਂ ਇਨ੍ਹਾਂ ਨੂੰ ਕੂਕੇ ਕਿਹਾ ਜਾਣ ਲੱਗ ਪਿਆ। ਅਸਲ ਵਿਚ ਇਹ ਨਾਮ ਦੇ ਰਸੀਏ ਨਾਮਧਾਰੀਏ ਹਨ।

ਪ੍ਰੇਮ ਦੱਤ : ਪ੍ਰਭੂ ਭਗਤੀ ਨੂੰ ਕੌਣ ਮਾੜਾ ਕਹਿ ਸਕਦਾ ਹੈ।

ਮੰਗਲ ਸਿੰਘ : ਨਾਮ ਦੇ ਰਸੀਆਂ ਵਾਸਤੇ ਲਾਜ਼ਮੀ ਹੈ, ਕਿ ਉਸ ਦਾ ਵਿਹਾਰ ਸ਼ੁੱਧ ਹੋਵੇ, ਵਿਹਾਰ ਤਾਂ ਸ਼ੁੱਧ ਹੁੰਦਾ ਹੈ ਜੇ ਆਚਾਰ ਸ਼ੁੱਧ ਤੇ ਪਵਿੱਤਰ ਹੋਵੇ।

ਪ੍ਰੇਮ ਦੱਤ : ਇਹ ਗੱਲਾਂ ਤਾਂ ਹਿੰਦੂ ਫ਼ਿਲਾਸਫ਼ੀ ਦੀਆਂ ਹਨ। ਹਿੰਦੂ ਇਜ਼ਮ ਵਿਸ਼ਵ ਭਰ ਨੂੰ ਰੂਹਾਨੀਅਤ ਦਾ ਸੰਦੇਸ਼ ਦੇ ਸਕਦਾ ਹੈ।

ਮੰਗਲ ਸਿੰਘ : ਹਿੰਦੂ ਤੇ ਸਿੱਖ ਦੋ ਕੱਦ ਹਨ? ਸਿੱਖ ਧਰਮ ਦੀ ਵਿਚਾਰਧਾਰਾ ਹਿੰਦੂ ਵਿਚਾਰਧਾਰਾ ਤੇ ਨਿਰਭਰ ਹੈ। ਦੋਹਾਂ ਦੇ ਰਸਮੋ ਰਿਵਾਜ ਥੋੜ੍ਹੇ ਬਹੁਤੇ ਫ਼ਰਕ ਨਾਲ ਮਿਲਦੇ ਜੁਲਦੇ ਹਨ। ਜਿਸ ਆਦਿ ਗ੍ਰੰਥ ਸਾਹਿਬ ਦਾ ਸਿੱਖ ਆਦਰ ਸਤਿਕਾਰ ਕਰਦੇ ਹਨ, ਉਸ ਵਿਚ ਹਿੰਦੂ ਫ਼ਿਲਾਸਫ਼ੀ ਦੀ ਪ੍ਰਧਾਨਤਾ ਹੈ। ਉਹ ਵੇਦ ਸ਼ਾਸ਼ਤਰਾਂ ਦਾ ਮੰਤਕ, ਉਹ ਅਵਤਾਰਵਾਦ। ਜੇ ਧਿਆਨ ਨਾਲ ਪਾਠ ਕਰੀਏ ਤਾਂ ਪਤਾ ਲੱਗਤਾ ਹੈ ਕਿ ਇਸ ਵਿਚ ਹਿੰਦੂ ਮਤ ਅਨੁਸਾਰ ਭਗਵਾਨ ਦੇ ਨਾਮ ਕਿੰਨੀ ਵੇਰ ਆਏ ਹਨ:-

| | | | |
|---|---|---|---|
| ਹਰੀ | 8344 | ਕ੍ਰਿਸ਼ਨ | 22 |
| ਰਾਮ | 2533 | ਪ੍ਰਮੇਸਰ | 139 |
| ਪ੍ਰਭੂ | 1371 | ਠਾਕੁਰ | 216 |
| ਗੋਪਾਲ | 491 | ਮੁਰਾਰੀ | 97 |
| ਗੋਬਿੰਦ | 475 | ਬੀਠਲ | 20 |
| ਪਾਰਬ੍ਰਹਮ | 324 | ਸਤਿਨਾਮ | 59 |

ਜਿਹੜੇ ਸਿੱਖ ਆਪਣੇ ਆਪ ਨੂੰ ਹਿੰਦੂਆਂ ਨਾਲੋਂ ਵੱਖ ਸਮਝਦੇ ਹਨ, ਉਹ ਗੁਰਮਤ ਦੇ ਵਿਰੁੱਧ ਹਨ। ਉਨ੍ਹਾਂ ਤੇ ਗ਼ੈਰਾਂ ਦਾ ਜਾਦੂ ਚੜ੍ਹਿਆ ਹੋਇਆ ਹੈ। ਉਹ ਦੇਸ਼ ਨੂੰ ਉੱਨਤ ਨਹੀਂ ਵੇਖਣਾ ਚਾਹੁੰਦੇ।

ਪ੍ਰੇਮ ਦੱਤ : ਇਹ ਤਾਂ ਉੱਤਮ ਵਿਚਾਰ ਹਨ।

ਮੰਗਲ ਸਿੰਘ : ਮਨੁਸ਼ ਵਾਸਤੇ ਸ਼ੁੱਧਤਾ ਬੜੀ ਜ਼ਰੂਰੀ ਹੈ। ਜੀਵਨ ਵਾਸਤੇ ਸ਼ੁੱਧਤਾ ਪਵਿੱਤਰਤਾ ਲੋਕ ਤੇ ਪ੍ਰਲੋਕ ਦੋਹਾਂ ਵਿਚ ਸਹਾਈ ਹੁੰਦੇ ਹਨ। ਗ੍ਰੰਥ ਵੇਦ ਐਵੇਂ ਕਾਲੇ ਨਹੀਂ ਕੀਤੇ ਪਏ ਉਨ੍ਹਾਂ ਦਾ ਭਾਵ ਹੈ, ਜੀਵਨ ਜਾਂਚ।

ਸ਼ਿਵ ਕੁਮਾਰ : ਤੁਹਾਡੀ ਪੰਡਿਤਾਂ ਵਾਲੀ ਸੋਧ ਅੱਜ-ਕੱਲ੍ਹ ਬਹੁਤੀ ਨਹੀਂ ਜਚਦੀ।

ਮੰਗਲ ਸਿੰਘ : ਉਹ ਕਿਵੇਂ? ਸੁੱਚ ਨਾਲ ਉੱਦਮ ਰਹਿੰਦਾ ਹੈ। ਸੁਸਤੀ ਲਾਗੇ ਨਹੀਂ ਆਉਂਦੀ। ਪੁਰਸ਼ ਪਸ਼ੂ ਵਾਂਗੂੰ ਥਾਂ ਥਾਂ ਬੁਰਕ ਨਹੀਂ ਮਾਰਦਾ ਫਿਰਦਾ। ਜਗਣ ਸ਼ਕਤੀ ਵੱਧਦੀ ਹੈ। ਬਾਜ਼ਾਰ ਦੀਆਂ ਤਰੱਕੀਆਂ ਤੇ ਜੂਠੀਆਂ ਮਿੱਠੀਆਂ ਮਿਠਾਈਆਂ ਤੋਂ ਬਚਿਆ ਰਹਿੰਦਾ ਹੈ। ਰੋਗ ਲਾਗੇ ਨਹੀਂ ਆਉਂਦੇ। ਅੰਨਿਆਂ ਨੂੰ ਸਮਝ ਨਹੀਂ ਆਉਂਦੀ ਕਿ ਇਸ ਮਰਯਾਦਾ ਨਾਲ ਸੁਖੀ ਜੀਵਨ ਬਤੀਤ ਹੁੰਦਾ ਹੈ।

ਰੰਡਾ ਸਿੰਘ : ਖ਼ਾਲਸਾ ਖ਼ਾਲਸਾ ਹੀ ਹੈ।

ਮੰਗਲ ਸਿੰਘ : ਹੈ ਤਾਂ ਖ਼ਾਲਸਾ, ਪਰ ਅੱਖਾਂ ਤੇ ਗ਼ੈਰਾਂ ਵੱਲੋਂ ਬੰਨ੍ਹੀ ਪੱਟੀ ਕੁਝ ਨਜ਼ਰ ਨਹੀਂ ਆਉਣ ਦੇਂਦੀ। ਹਾਲਾਂਕਿ ਹਿੰਦੂ ਸਿੱਖ ਜਨਮ ਮਰਨ ਸਾਂਝਾ ਹੈ, ਸੁੱਚ ਪਵਿੱਤਰਤਾ ਰਹਿਣੀ ਬਹਿਣੀ, ਦੀਵਾਲੀ, ਦੁਸਹਿਰਾ, ਮਸਿਆ, ਸੰਗ੍ਰਾਂਦ ਇੱਕੋ ਜੈਸੇ ਹਨ, ਕੇਵਲ ਸਮੇਂ ਦੀ ਨਜ਼ਾਕਤ ਨੂੰ ਮੁੱਖ ਰਖਦਿਆਂ ਇਹ ਸ਼ਹੀਦੀ ਦਲ ਕਾਇਮ ਕੀਤਾ ਗਿਆ ਸੀ।

ਰੰਡਾ ਸਿੰਘ : ਸ਼ਹੀਦੀ ਦਲ ਇਹੋ ਸਿਖਾਂਦਾ ਹੈ?

ਮੰਗਲ ਸਿੰਘ : ਸੁਤਿਆਂ ਨੂੰ ਤਾਂ ਜਗਾਇਆ ਜਾ ਸਕਦਾ ਹੈ, ਪਰ ਮਚਲਿਆਂ ਨੂੰ ਕੌਣ ਜਗਾਏ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਕੁਰਬਾਨੀ ਦਿੱਤੀ ਤਾਂ ਕੇਵਲ ਆਪਣੇ ਸਿਧਾਂਤਾਂ ਵਾਸਤੇ

ਆਪਣੀ ਸਭਿਅਤਾ ਨੂੰ ਬਚਾਣ ਖ਼ਾਤਰ ਆਪਣੇ ਧਰਮ ਦੀ ਰਖਿਆ ਲਈ।

ਰੰਡਾ ਸਿੰਘ : ਪਰ ਗੱਲ ਤਾਂ ਗੁਰੂ ਗੋਬਿੰਦ ਸਿੰਘ ਜੀ ਦੀ ਏ।

ਮੰਗਲ ਸਿੰਘ : ਹੱਲਾ ਇਹ ਸਿੱਧ ਹੋ ਗਿਆ ਕਿ ਤੁਸੀਂ ਸੱਚਾਈ ਵੱਲੋਂ ਅੱਖਾਂ ਮੀਟੀ ਬੈਠੇ ਹੋ। ਗੁਰੂ ਜੀ ਤਾਂ ਆਪਣੇ ਆਪ ਨੂੰ ਹਿੰਦੂ ਜਾਤੀ ਨਾਲ ਜੋੜ ਮਾਣ ਕਰਦੇ ਹਨ:
ਉਹ ਆਪ ਕਥਨ ਕਰਦੇ ਹਨ:-
**ਰਾਮ ਚੰਦਰ ਨੇ ਦੋਉ ਸੁਤ ਲੋਹੂ ਕੁਸ਼ੂ ਅਵਤਾਰ॥**
**ਯਹੀ ਹਮਾਰੇ ਬਡੇ ਹੈ ਜੁਗਹ ਜੁਗਹ ਅਵਤਾਰ॥**

ਰਾਜ ਕੁਮਾਰ : ਇਹ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਬਦ ਹਨ?

ਮੰਗਲ ਸਿੰਘ : ਹੋਰ ਕਿਸ ਦੇ! ਇੱਥੇ ਹੀ ਬਸ ਨਈਂ, ਗੁਰੂ ਜੀ ਖਤਰੀ ਵੰਸ਼ ਨਾਲ ਜੁੜਨ ਨੂੰ ਬੜਾ ਫ਼ਖ਼ਰ ਦੱਸਦੇ ਹਨ ਜਿਵੇਂ:-
**ਛਤ੍ਰੀ ਕੌ ਪੂਤ ਹੌ ਬਾਮਨ ਕੌ ਨਹਿ,**
**ਕੈ ਤਪ ਆਵਤ ਹੋ ਜੁ ਕਰੋ॥**
**ਅਰੁ ਅਉਰ ਜੰਜਾਰ ਜਿੰਤਾ ਗ੍ਰਿਹ ਕੌ,**
**ਤਾਹਿ ਤਿਆਰਗ ਕਹਾਚਿੰਤ ਤਾ ਮੈ ਧਰੋ॥**

ਰਾਜ ਕੁਮਾਰ : ਵਾਹ ਭਾਈ ਵਾਹ! ਅੱਜ ਤੇ ਸੁਭਾਗਾ ਦਿਨ ਹੈ, ਅਸੀਂ ਤਾਂ ਹਨ੍ਹੇਰੇ ਈ ਟੱਕਰਾਂ ਮਾਰਦੇ ਰਹੇ ਭੁੱਲ ਭਲੀਈਆਂ ਵਿਚ ਫਸੇ ਰਹੇ।

ਮੰਗਲ ਸਿੰਘ : ਹਿੰਦੂ ਸਿੱਖ ਵਿਚ ਪਾੜ ਪਾਣ ਵਾਲੇ ਕੁਰਸੀਆਂ ਦੇ ਭੁੱਖੇ ਲੀਡਰ ਹਨ, ਜਿਨ੍ਹਾਂ ਨੂੰ ਰਾਜਨੀਤੀ ਦੇ ਚੁੜੈਲ ਚੰਬੜੀ ਹੋਈ ਹੈ, ਉਹ ਭਰਾ ਭਰਾ ਨੂੰ ਭਿੜਾ ਭਿੜਾ ਕੇ ਉਨ੍ਹਾਂ ਦਾ ਲਹੂ ਪੀਣਾ ਚਾਹੁੰਦੇ ਹਨ। ਅੱਜ ਦੀ ਰਾਜਨੀਤੀ ਨਿਰੀ ਸਵਾਰਥ ਹੈ।

ਰੰਡਾ ਸਿੰਘ : ਕੂਕਿਆਂ ਦੀਆਂ ਗੱਲਾਂ ਤਾਂ ਠੀਕ ਹਨ, ਪਰ ਅਜੇ ਗਲੇ ਹੇਠੋਂ ਨਹੀਂ ਲੰਘਦੀਆਂ।

ਦਲੀਪ ਸਿੰਘ : ਸਰਦਾਰ ਸਾਹਿਬ! ਸੋਨਾ ਸਦਾ ਸੋਨਾ ਰਹੇਗਾ। ਨੌਸਰਬਾਜਾਂ ਦੇ ਆਖੇ ਪਿੱਤਲ ਨਹੀਂ ਹੋ ਚਲਿਆ। ਸਮਾਂ ਲੰਘ ਜਾਏਗਾ, ਜਦ ਨਜ਼ਰ ਠੀਕ ਹੋਵੇਗੀ ਤਾਂ ਸੂਰਜ ਸੂਰਜ ਨਜ਼ਰੀਂ ਆਵੇਗਾ।

ਸ਼ਿਵ ਕੁਮਾਰ : ਇਹ ਵਖੇਂਵਾਂ ਕਿਉਂ?

ਦਲੀਪ ਸਿੰਘ : ਅੱਜ ਨਾਮਧਾਰੀਕ ਦੀ ਸਿੱਖੀ ਹੈ, ਜੇ ਗੁਰੂ ਆਸੇ ਅਨੁਸਾਰ ਸਿੱਖੀ ਹੋਵੇ ਤਾਂ ਧਰਤੀ ਤੇ ਸੱਚਖੰਡ ਨਾ ਉਤਰ ਆਵੇ।

ਸ਼ਿਵ ਕੁਮਾਰ : ਸਿੱਖ ਦੀ ਕੀ ਪਰਿਭਾਸ਼ਾ ਹੈ?

ਦਲੀਪ ਸਿੰਘ : ਸੁਣੋ! ਗੁਰੂ ਰਾਮ ਦਾਸ ਜੀ ਉਸ ਨੂੰ ਸਿੱਖ ਸਮਝਦੇ ਹਨ:-

**ਗੁਰ ਸਤਿਗੁਰ ਕਾ ਜੋ ਸਿੱਖ ਅਖਾਏ॥**
**ਸੋ ਭਲਕੇ ਉਠਿ ਹਰਿ ਨਾਮ ਧਿਆਵੈ॥**
**ਉਦਮ ਕਰੇ ਭਲਕੇ ਪ੍ਰਭਾਤੀ,**
**ਇਸਨਾਨ ਕਰੈ ਅੰਮ੍ਰਿਤਸਰ ਨਾਵੈ॥**
**ਉਪਦੇਸ ਗੁਰੂ ਹਰਿ ਹਰਿ ਜਪੁ ਜਾਪੈ॥**
**ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥**
**ਫਿਰਿ ਚੜੇ ਦਿਵਸ ਗੁਰਬਾਣੀ ਗਾਵੈ॥**
**ਬਹਿੰਦਿਆਂ, ਉਠਦਿਆਂ ਹਰਿਨਾਮ ਧਿਆਵੈ॥**
**ਜੋ ਸਾਸਿ ਗਿਰਾਸ ਧਿਆਏ ਮੇਰਾ ਹਰਿ ਹਰਿ**
**ਸੋ ਸਿਖ ਗੁਰੂ ਮਨ ਭਾਵੈ॥**
**ਜਿਸ ਨੂੰ ਦਿਆਲ ਹੋਵੈ ਮੇਰਾ ਸੁਆਮੀ**
**ਤਿਸ ਗੁਰ ਸਿਖ ਉਪਦੇਸ ਸੁਨਾਵੈ॥**
**ਜਨ ਨਾਨਕ ਧੂੜਿ ਮੰਗੈ ਤਿਸ ਗੁਰ ਸਿਖੀ ਕੀ**
**ਜੋ ਆਪ ਜਪੈ ਅਵਰਹ ਨਾਮ ਜਪਾਵੈ॥**

(ਮਹਲਾ ੪, ਪੰਨਾ ੩੦੫)

ਸ਼ਿਵ ਕੁਮਾਰ : ਬੜਾ ਕਰੜਾ ਏ ਸਿੱਖ ਬਣਨਾ, ਅੰਮ੍ਰਿਤ ਵੇਲੇ ਜਾਗਣਾ, ਖਾਲਾ ਜੀ ਦਾ ਘਰ ਨਹੀਂ।

ਦਲੀਪ ਸਿੰਘ : ਤੁਸੀਂ ਗੁਰੂ ਅਰਜਨ ਦੇਵ ਜੀ ਨੂੰ ਸੁਣ ਲਵੋ? ਉਹ ਕਹਿੰਦੇ ਹਨ।

**ਝਾਲਾਂਗੇ ਉਠਿ ਨਾਮੁ ਜਪਿ ਨਿਸ ਬਾਸਰ ਅਰਾਧ॥**
**ਕਾਰਾ ਤੁਝੈ ਨਾ ਵਿਆ ਪਈ ਨਾਨਕ ਮਿਟੈ ਉਪਾਧਿ॥**

ਸ਼ਿਵ ਕੁਮਾਰ : ਸਿੱਖੀ ਐਵੇਂ ਅਲੂਣੀ ਸਿਲ ਨਹੀਂ ਆਖਿਆ।

ਦਲੀਪ ਸਿੰਘ : ਲਾਲਾ ਜੀ! ਜੇ ਸਿੱਖ ਅਖਵਾਣ ਵਾਲਾ ਉਠੇ ਨੌ ਵਜੇ, ਫਿਰ ਬਿਨਾਂ ਮੂੰਹ ਧੋਤੇ ਚਾਹ ਪੀਣ ਲੱਗ ਪਵੇ। ਨਾ ਜਪੁਜੀ, ਨਾ ਰਹਿਰਾਸ ਫਿਰ ਸਿੱਖ ਈ ਸਿੱਖ। ਕੰਮ ਕਿਵੇਂ ਬਣੇ। ਸਾਰਾ ਦਿਨ ਪੈਸੇ ਬਟੋਰੀਏ, ਮਲਕ, ਭਾਗੋ ਤੇ ਸਾਂਈਂ ਲਾਕ ਵਾਂਗੂੰ ਲਹੂ ਪੀਂਦੇ ਫਿਰੀਏ, ਫਿਰ ਟਾਰਾਂ ਮਾਰਦੇ ਫਿਰੀਏ ਸਿੱਖੀ ਦੀਆਂ, ਸਭ ਝੂਠ, ਫਰੇਬ, ਚਾਰ ਸੌ ਵੀਹ ਰੱਬ ਨਾਲ।

ਸ਼ਿਵ ਕੁਮਾਰ : ਇਹ ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਹੈ?

ਦਲੀਪ ਸਿੰਘ : ਲਿਖਿਆ ਨਹੀਂ ਤਾਂ ਐਵੇਂ ਹਵਾਈ ਕਿਲ੍ਹੇ ਉਸਾਰੀ ਜਾਨੇ ਆਂ। ਸਿੱਖ ਦਾ ਕਰਮ ਹੈ:-

**ਘਾਲਿ ਖਾਇ ਕਿਛੁ ਹਥੋਂ ਦੇਇ,**
**ਨਾਨਕ ਰਾਹ ਪਛਾਣੈ ਸੇਹਿ॥**

ਸ੍ਰੀ ਗੁਰੂ ਨਾਨਕ ਚਾਨਣ ਮੁਨਾਰਾ ਗਡ ਗਏ ਹਨ, ਜਿਸ ਦੀਆਂ ਰਿਸ਼ਮਾਂ ਰਾਹੀਂ ਪਤਾ ਲੱਗਦਾ ਹੈ ਜੀਵਨ ਜਾਂਚ ਦੀ:-

**ਨਾਮ ਜਪਣਾ, ਵੰਡ ਛਕਣਾ, ਧਮ ਦੀ ਕਿਰਤ**

ਅਥਵਾ

**ਗੁਰਮੁਖ ਨਾਮੁ ਦਾਨ ਇਸਨਾਨ॥**
**ਗੁਰਮੁਖ ਲਾਗੈ ਸਹਿਜ ਧਿਆਨੁ॥**
**ਅੱਜ ਸਿੱਖ ਦੀ ਹਾਲਤ ਹੈ:-**
**ਗਲੀਂ ਅਸੀਂ ਚੰਗੀਆਂ ਆਚਾਰੀ ਬੁਰੀਆ॥**
**ਮਨਹੁ ਕਸੁਧਾ ਕਾਲੀਆ ਬਾਹਰੁ ਲਿਟਵੜੀਆ॥**
**ਰੀਸਾਂ ਕਰੇ ਤਿਨਾਹੜੀਆਂ ਜੋ ਸੇਵਨਿ ਦਰਿ ਖੜੀਆ॥**

ਸ਼ਿਵ ਕੁਮਾਰ : ਕੇਵਲ ਸਿੱਖਾਂ ਵਾਸਤੇ ਦਰਜ ਹੈ, ਜਾਂ ਕਿਸੇ ਹੋਰ ਲਈ?

ਨਿ: ਸਿੰਘ : ਇਸ ਰੱਬੀ ਬਾਣੀ ਵਿਚ ਸਭ ਵਾਸਤੇ ਸੱਚਾ ਧਰਮੀ ਜਾਂ ਇਨਸਾਨ ਬਣਨ ਦੇ ਗੁਣ ਨਿਰੂਪਨ ਕੀਤੇ ਗਏ। ਹਨ।

ਸ਼ਿਵ ਕੁਮਾਰ : ਕਿਵੇਂ?

ਨਿ: ਸਿੰਘ : ਸੁਣੋ! ਪ੍ਰਡਿਤ ਕੇਹੋ ਜੇਹਾ ਹੋਵੈ?

**ਸੋ ਪੰਡਿਤ ਜੋ ਮਨੁ ਪਰੋਬਧੈ॥**
**ਰਾਮ ਨਾਸ਼ ਆਤਮ ਮਹਿਸੋਧੇ॥**
**ਰਾਮ ਨਾਮ ਸਾਰੁ ਰਸੁ ਪੀਵੈ॥**
**ਉਸ ਪੰਡਿਤ ਕੈ ਉਪਦੇਸਿ ਜਗ ਜੀਵੈ॥**
**ਹਰਿ ਕੀ ਕਥਾ ਹਿਰਦੈ ਬਸਾਵੈ॥**
**ਸੋ ਪੰਡਿਤ ਫਿਰਿ ਜੋਨਿ ਨ ਆਵੈ॥**

ਅਬਦੁੱਲਾ : ਕੁਝ ਮੁਸਲਮਾਨਾਂ ਬਾਰੇ ਵੀ ਲਿਖਿਆ ਹੈ?

ਨਿ: ਸਿੰਘ : ਕਿਉਂ ਨਹੀਂ।

**ਮੁਸਲਮਾਨ ਮੋਮ ਦਿਲ ਹੋਵੇ, ਅੰਤਿਰ ਕੀ ਮਲ ਦਿਲ ਤੇ ਧੋਵੇ॥**
**ਦੁਨੀਆਂ ਰੰਗ ਨ ਆਵੈ ਨੇੜੇ, ਜਿਉ ਕੁਸਮ ਪਾਟ ਘਿਉ ਪਾਕ ਹਰਾ॥**

ਅਬਦੁੱਲਾ : ਕਮਾਲ ਦਾ ਕਲਾਮ ਏ।

ਨਿ: ਸਿੰਘ : **ਖਤਰੀ ਸੋ ਜੁ ਕਰਮਾ ਕਾ ਸੁਰ, ਪੁੰਨ ਦਾਨ ਕਾ ਕਰੈ ਸਰੀਰ**
**ਖੇਤ ਪਛਾਣੇ ਬੀਜੇ ਦਾਲ, ਸੋ ਖਤਰੀ ਦਰ ਗਹ ਪਰਵਾਣ॥**

(ਮਹਲਾ ੧, ੧੪੨੨)

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਆਖਿਆ ਕਰਦੇ ਸਨ ਹਿੰਦੂ ਉਹ ਹੈ, ਜਿਹੜਾ ਹਿੰਸਾ ਸੇ ਦੂਰ।

ਜਗਦੀਸ਼ : ਓਏ ਮੁਸ਼ਟੰਡਿਓ! ਜਾਗਦੇ ਓ, ਕਿ ਧਰਮ ਰਾਏ ਦੀ ਪੁੱਤਰੀ ਨਾਲ ਖੇਡ ਰਹੇ ਹੋ?

ਵੀਰ ਸਿੰਘ : ਸੌਣਾ ਕੀ ਏ, ਬਾਬੇ ਦੀ ਫਿਟਕਾਰਾਂ ਸੁਣ ਸੁਣ ਪੀਪੂ ਹੁੰਦੇ ਜਾਂਦੇ ਆਂ।

ਦਲੀਪ ਸਿੰਘ : ਸਤਿਗੁਰੂ ਰਾਮ ਸਿੰਘ ਜੀ ਬਾਬੇ ਨਾਨਕ ਦੇ ਉਸ ਮੰਤਰ ਦਾ ਜਾਪ ਜਪਾਇਆ ਜਿਸ ਤੇ ਉਨ੍ਹਾਂ 40 ਯੁਗ ਤਪੱਸਿਆ ਕੀਤੀ ਸੀ। ਉਸਦਾ ਸਦਕਾ ਕੂਕੇ ਵੱਡੇ ਵਡੇ ਤਪੱਸੀਆ ਕੀਤੀ ਸੀ, ਨੂੰ ਮਾਤ ਪਾ ਗਏ।

ਸ਼ਿਵ ਕੁਮਾਰ : ਕੋਈ ਉਦਾਹਰਨ ਦੇ ਸਕਦੇ ਹੋ?

ਦਲੀਪ ਸਿੰਘ : ਹਜ਼ਾਰਾਂ ਇਕ ਕੀ!

ਅਬਦੁੱਲਾ : ਸੁਣਾ ਯਾਰ, ਰੱਬ ਦੇਵੇ ਗਾਜਰਾਂ ਤਾਂ ਵਿੱਚੋਂ ਰੰਬਾ ਰਖ ਵਾਲਾ ਹਿਸਾਬ ਹੈ।

ਦਲੀਪ ਸਿੰਘ : ਨਾਰਲੀ ਦਾ ਬਘੇਲ ਸਿੰਘ ਹੋਇਆ ਹੈ। ਵੱਡੀ ਢਾਲ ਦਾ ਮਾਲਿਕ। ਉਸ ਕੋਲ ਦੇਵਾ ਸਿੰਘ ਮਿਸਤਰੀ ਆਇਆ ਤੇ ਆਖਿਆ ਸਰਦਾਰਾ! ਕਾਰਖਾਨੇ ਨੂੰ ਅੱਗ ਲੱਗ ਗਈ ਏ ਕੁਝ ਮਾਇਆ ਚਾਹੀਦੀ ਹੈ। ਉਸ ਪੁੱਛਿਆ ਕਿੰਨੇ ਕੁ। ਉੱਤਰ ਸੀ ਕੋਈ 36 ਹਜ਼ਾਰ। ਕੋਈ ਉਜਰ ਨਹੀਂ ਕੀਤਾ, ਬਹਾਨਾ ਨਹੀਂ ਲੱਭਿਆ। ਤਕੜੀ ਲੈ ਰੁਪਏ ਤੋਲ ਤੋਲ ਖੁਰਜੀਆਂ ਭਰ ਦਿੱਤੀਆਂ। ਦੇਵਾ ਸਿੰਘ ਤੁਰਨ ਲੱਗਾ ਤੇ ਆਖਿਆ ਸਰਦਾਰਾ। ਕੋਈ ਨਾਵਾ ਪਤਰਾ? ਸਿੰਘ! ਜਦ ਹੋਵੇਗਾ ਦੇ ਜਾਵੀਂ ਤੂੰ ਗੁਰੂ ਰਾਮ ਸਿੰਘ ਦਾ ਸਿੱਖ, ਮੈਂ ਵੀ ਉਸ ਘਰ ਦਾ ਕੂਕਰ।

ਸ਼ਿਵ ਕੁਮਾਰ : ਗ੍ਰੈਂਡ ਗ੍ਰੈਂਡ ਰੀਈਲੀ ਗ੍ਰੈਂਡ।

ਦਲੀਪ ਸਿੰਘ : ਹੋਰ ਸੁਣ! ਸ੍ਹਾਲੀ ਦਾ ਸੰਤ ਜੀਵਨ ਸਿੰਘ ਸੀ ਉਹ ਖੇਤ ਵਿੱਚੋਂ ਲਿਆਉਂਦਿਆਂ ਪਸ਼ੂਆਂ ਨੂੰ ਕਿਸੇ ਖੇਤ ਵਿਚ ਨਹੀਂ ਸੀ ਪੈਣ ਦੇਂਦਾ ਸਗੋਂ ਕੱਟੇ ਵਛਿਆਂ ਦੇ ਮੂੰਹ ਛਿੱਕੇ ਚਾੜ ਕੇ ਲਿਆਉਂਦਾ ਸੀ ਤਾਂ ਕਿ ਕਿਸੇ ਬਗਾਨੀ ਪੈਲੀ ਦਾ ਪੱਠਾ ਨਾ ਖਾ ਲੈਣ ਤੇ ਬੰਦਗੀ ਸਮੇਂ ਬਿਰਤੀ ਵਿਚ ਫ਼ਰਕ ਨਾ ਪਵੇ।

ਵੀਰ ਸਿੰਘ : ਸਾਵਾ ਸੇ! ਓਏ ਕੂਕਿਓ, ਜਿਨ੍ਹਾਂ ਰਖ ਵਖਾਈ ਜਿਨ੍ਹਾਂ ਧਰਮ ਨੂੰ ਕਾਇਮ ਰਖਿਆ; ਜਿਨ੍ਹਾਂ ਮੁਰਝਾ ਰਹੀ ਸਿੱਖੀ ਨੂੰ ਗੁਲਜ਼ਾਰ ਵਿਚ ਬਦਲ ਦਿੱਤਾ।

ਦਲੀਪ ਸਿੰਘ : ਸਾਡੀ ਕਾਹਦੀ ਖ਼ੂਬੀ ਏ, ਇਹ ਸਭ ਕਿਰਪਾ ਸਤਿਗੁਰੂ

ਰਾਮ ਸਿੰਘ ਜੀ ਦੀ ਹੈ, ਜਿੰਨ ਪਿਆਲੀ ਵਿਚ ਡੁੱਬ ਰਹੇ ਸਰਦਾਰਾਂ ਨੂੰ ਵੱਡੇ ਪਰਹੇਜ਼ ਗਾਰ ਬਨਾਂ ਦਿੱਤਾ, ਮਾਸੀ ਦੇ ਸ਼ਰਾਬੀਆਂ ਨੇ ਦੇਵਤਿਆਂ ਦੀ ਸੇਫ ਵਿਚ ਲਿਆ ਖੜਾ ਕੀਤਾ।

ਰੰਡਾ ਸਿੰਘ : ਕਾਫ਼ੀ ਸਮਾਂ ਹੋ ਗਿਆ ਏ, ਹੁਣ ਫਿਰ ਅਗਲੇ ਐਤਵਾਰ ਨੂੰ ਮਿਲਾਂਗੇ।

# ਘਰ ਦੀ ਬੈਠਕ

ਈਸ਼ਰ ਸਿੰਘ : ਲੈ ਆ ਗਿਆ ਈ ਕੂਕਾ।

ਦਲੀਪ ਸਿੰਘ : (ਚਰਨੀ ਹੱਥ ਲਾਂਦਿਆਂ) ਸਤਿ ਸ੍ਰੀ ਅਕਾਲ।

ਰਵੇਲ ਕੌਰ : ਪੁੱਤ ਜੀਉਂਦਾ ਰਹੇਂ, ਵੱਡੀ ਵੱਡੀ ਉਮਰ ਮਾਣੇ ਆ ਕੁਰਸੀ ਤੇ ਬਹਿ ਜਾ। ਵੇ ਮੁੰਡਿਆ ਲਿਆ ਦੌੜ ਕੇ ਦੋ ਚਾਰ ਬੋਤਲਾਂ।

ਦਲੀਪ ਸਿੰਘ : ਮਾਤਾ ਜੀ ਖੇਚਲ ਨਾ ਕਰੋ।

ਈਸ਼ਰ ਸਿੰਘ : (ਹਸਦਿਆਂ) ਲਿਮਕਾ ਏ, ਕੋਈ ਲਾਲ ਪਰੀ ਨਹੀਂ ਜਿਹੜੀ ਕੂਕਿਆਂ ਨੂੰ ਚੰਬੜ ਜਾਵੇ।

ਰਵੇਲ ਕੌਰ : ਵੇ ਕਾਕਾ ਤੂੰ ਗੰਡਾ ਸਿੰਘ ਦੇ ਸੱਦੇ ਤੇ ਆਇਆ ਏ, ਨਹੀਂ ਤਾਂ ਤੈਨੂੰ ਕਿੱਥੋਂ ਵਿਹਲ ਮਿਲਣੀ ਸੀ?

ਦਲੀਪ ਸਿੰਘ : ਆਹੋ ਮਾਸੀ! ਅੱਜ-ਕੱਲ੍ਹ ਵੇਹਲ ਕਿੱਥੇ, ਇਮਤਿਹਾਨ ਹਨ੍ਹੇਰੀ ਵਾਂਗੂੰ ਭੱਜਾ ਆਉਂਦਾ ਏ, ਸਿਰ ਖੁਰਕਣ ਦੀ ਵਿਹਲ ਨਹੀਂ।

ਰਵੇਲ ਕੌਰ : ਬੀਬਾ ਬੜਾ ਚੰਗਾ ਕੀਤਾ, ਲੈ ਫੜ ਬੋਤਲਾਂ। ਵੇ ਬੱਚਾ ਤੂੰ ਖੋਲ੍ਹ ਤਾਂ ਦੇਣੀ ਸੀ।

ਦਲੀਪ ਸਿੰਘ : ਮਾਸੀ ਮੈਂ ਲਿਮਕਾ, ਸ਼ਿਮਕਾ ਕੁਝ ਨਹੀਂ ਪੀਂਦਾ ਆ ਮੇਰਾ ਗੜਵਾ ਏ ਮੈਂ ਪਾਣੀ ਸਦਾ ਨਾਲ ਰਖਦਾ ਹਾਂ। ਮੇਰਾ ਲਿਮਕਾ, ਕੋਕਾ ਕੋਲਾ, ਸਭ ਖੂਹ ਵਿਚ ਰਖ ਦਿੱਤੇ ਨੇ ਜਦੋਂ ਜੀ ਕਰੇ ਗਲਾਸ ਭਰ ਭਰ ਪੀਂਦਾ ਹਾਂ। ਅਜੇ ਲੋੜ ਨਹੀਂ।

ਈਸ਼ਰ ਸਿੰਘ : ਦਲੀਪ ਸਿਹਾਂ! ਤੂੰ ਕੀ ਕਾਲਿਜ ਵਿਚ ਪੜ੍ਹਦਾ ਏਂ। ਤੈਨੂੰ ਲਾਗ ਨਹੀਂ ਲੱਗੀ। ਇਹ ਪੁਰਾਣੀਆਂ ਲੀਕਾਂ ਛੱਡ ਪਰਾਂ।

ਦਲੀਪ ਸਿੰਘ : ਛੱਡਾਂ ਤਾਂ ਜੇ ਕੋਈ ਦੂਜੀ ਚੰਗੀ ਚੀਜ਼ ਲੱਭੇ। ਸੋਨੇ ਦੇ ਬਰਾਬਰ ਕੱਚ ਖ਼ਰੀਦਣ ਨੂੰ ਕੌਣ ਚੰਗਾ ਆਖੇਗਾ।

ਈਸ਼ਰ ਸਿੰਘ : ਇਹ ਸਾਫ਼ ਪਾਣੀ ਕੱਚ ਤੇ ਉਹ ਜਰਮਾਂ ਦਾ ਭਰਿਆ ਨਦੀਆਂ ਤੇ ਖੂਹਾਂ ਦਾ ਪਾਣੀ ਕੰਚਨ ਦਾ।

ਦਲੀਪ ਸਿੰਘ : ਬਾਊਜੀ! ਅਸੀਂ ਕਾਲਿਜ ਪੜ੍ਹਦੇ ਹਾਂ ਇਸਦਾ ਇਹ

ਮਤਲਬ ਨਹੀਂ ਕਿ ਅਸੀਂ ਆਪਣਾ ਅੱਗਾ ਪਿੱਛਾ ਹੀ ਭੁੱਲ ਜਾਈਏ। ਸਾਨੂੰ ਭਾਰਤੀ ਪਰੰਪਰਾ ਤੇ ਸਿੱਖੀ ਦੇ ਅਸੂਲਾਂ ਨੂੰ ਸਦਾ ਸਾਹਮਣੇ ਰਖਣਾ ਚਾਹੀਦਾ ਹੈ। ਅੱਜ ਸਾਡੇ ਦੇਸ਼ ਵਿਚ ਉਹ ਵਾਪਰਦਾ ਹੈ, ਜਿਹੜੇ ਯੂਰਪ ਦੇ ਵਿਦਵਾਨ ਕਹਿਣ।

ਈਸ਼ਰ ਸਿੰਘ : ਜੇ ਉਹ ਚੰਗੀ ਕਹਿਣ ਤਾਂ ਫਿਰ ਵੀ ਨਹੀਂ ਮੰਨਣੀ ਚਾਹੀਦੀ?

ਦਲੀਪ ਸਿੰਘ : ਮੈਂ ਇਹ ਤਾਂ ਨਹੀਂ ਕਹਿੰਦਾ ਕਿ ਚੰਗੀ ਚੀਜ਼ ਨਾ ਲਵੋ, ਪਰ ਇਹ ਤਾਂ ਕੋਈ ਅਕਲਮੰਦੀ ਨਹੀਂ, ਅੱਖਾਂ ਮੀਟ ਮੱਖੀ ਤੇ ਮੱਖੀ ਮਾਰੀ ਜਾਈਏ। ਤੇ ਸਾਡੇ ਰਿਸ਼ੀ, ਮੁਨੀ, ਮਹਾਂ ਪੁਰਸ਼ਾਂ ਨੂੰ ਹਰ ਪ੍ਰਕਾਰ ਦਾ ਗਿਆਨ ਸੀ।

ਈਸ਼ਰ ਸਿੰਘ : ਕਾਕਾ ਸਮਾਂ ਬਦਲ ਗਿਆ। ਵਿਗਿਆਨ ਨੇ ਬੜੀ ਤਰੱਕੀ ਕੀਤੀ ਏ, ਨਵੀਆਂ ਨਵੀਂ ਖੋਜਾਂ ਕੀਤੀਆਂ ਹਨ। ਸਾਨੂੰ ਲਕੀਰ ਦਾ ਫ਼ਕੀਰ ਨਹੀਂ ਬਣਨਾ ਚਾਹੀਦਾ।

ਪਿੰਕੀ : ਨਹੀਂ ਵੀਰ ਜੀ! ਸਾਡੇ ਦੇਸ਼ ਦੀ ਖੋਟੀ ਕਿਸਮਤ ਹੈ ਕਿ ਪੜ੍ਹ-ਲਿਖ ਕੇ ਵੀ ਬੁੱਧੂ ਹਾਂ, ਨਾ ਖਾਣ ਦੀ ਜਾਚ, ਨਾ ਪੀਣ ਦੀ ਜਾਚ। ਤੁਸੀਂ ਸਾਫਟ ਵਾਟਰ ਤੋਂ ਨੱਕ ਚਾੜਦੇ ਹੋ। ਇਹ ਕਿਹੜੀ ਸਿਆਣਪ ਹੈ?

ਦਲੀਪ ਸਿੰਘ : ਬੀਬੀ! ਤੁਹਾਡੇ ਤੇ ਪੱਛਮ ਦਾ ਝਰਲੂ ਫਿਰਿਆ ਹੈ। ਤੁਹਾਡੀ ਕਾਲੀ ਐਨਕ ਨਾਲ ਸਭ ਥਾਂਈਂ ਕਾਲਿਖ ਵਿਖਾਈ ਦੇਂਦੀ ਹੈ। ਸਾਡੇ ਰਿਸ਼ੀ, ਮੁਨੀ ਡੂੰਘੀ ਸੋਚ ਦੇ ਮਾਲਿਕ ਸਨ। ਆਪਣੀ ਵਿਦਿਆ ਦੇ ਬਲ ਨਾਲ ਤਾਰਾ ਮੰਡਲ ਦਾ ਭੇਤ ਲੱਭਾ, ਰੁੱਖਾਂ ਬ੍ਰਿਛਾਂ ਜੜੀ ਬੂਟੀਆਂ ਦੇ ਗੁਣ ਔਗੁਣ ਮਾਲੂਮ ਕੀਤੇ, ਦਰਿਆ ਅਥਵਾ ਝੀਲਾਂ ਦੇ ਪਾਣੀ ਵਿਚ ਕੀ ਕੀ ਗੁਣ ਹਨ, ਉਹ ਭਲੀ-ਭਾਂਤੀ ਜਾਣਦੇ ਸਨ।

ਪਿੰਕੀ : ਵੀਰ ਜੀ! ਵਿਗਿਆਨ ਦਾ ਚਾਨਣ ਸਭ ਹਨ੍ਹੇਰੀਆਂ ਕੋਠੜੀਆਂ ਨੂੰ ਲਟ ਲਟ ਪ੍ਰਕਾਸ਼ ਕਰ ਰਿਹਾ ਹੈ। ਚਾਮ ਚਿਠ ਨੂੰ ਸੂਰਜ ਨਜ਼ਰੀਂ ਨਾ ਆਵੇ ਤਾਂ ਸੂਰਜ ਦਾ ਕੀ ਦੋਸ਼।

ਦਲੀਪ ਸਿੰਘ : ਤੁਹਾਡੀ ਗੱਲ ਠੀਕ ਏ, ਕਿ ਉੱਲੂ ਨੂੰ ਚੜਿਆ ਸੂਰਜ

ਵਖਾਈ ਨਹੀਂ ਦੇਂਦਾ, ਪਰ ਜੇ ਤੁਹਾਡੇ ਈ ਡਾਕਟਰ ਤੁਹਾਡੇ ਮੂੰਹ ਤੇ ਚਪੇੜਾਂ ਮਾਰਨ ਫੇਰ ਤਾਂ ਮੰਨੋਗੇ। ਉਨ੍ਹਾਂ ਦੀਆਂ ਕੂਲੀਆਂ ਕੂਲੀਆਂ ਉਂਗਲੀਆਂ ਤੁਹਾਨੂੰ ਚੁੱਭਣੀਆਂ ਵੀ ਨਹੀਂ।

ਪਿੰਦੀ : ਤੂੰ ਹਾਈਜੀਨ ਪੜ੍ਹੀ ਏ?

ਦਲੀਪ ਸਿੰਘ : ਹਾਂ।

ਪਿੰਕੀ : ਫਿਰ ਕੀ ਲੱਭਾ?

ਦਲੀਪ : ਜੋ ਲੱਭਾ ਉਹ ਠੀਕ। ਉਨ੍ਹਾਂ ਕਈ ਪੇ ਪਦਾਰਥ ਵਿਵਰਜਤ ਕੀਤੇ ਹਨ। ਪਰ ਪੜ੍ਹੇ-ਲਿਖੇ ਡਾਕਟਰ, ਅਧਿਆਪਕ, ਵਕੀਲ, ਜੱਜ ਸਭ ਅੱਖਾਂ ਮੀਟ ਜ਼ਹਿਰ ਖਾਈ ਜਾਂਦੇ ਹਨ ਤੇ ਵਿਹੁ ਪੀਈ ਜਾਂਦੇ ਨੇ।

ਪਿੰਕੀ : ਉਹ ਕਿਵੇਂ?

ਦਲੀਪ ਸਿੰਘ : ਤੁਸੀਂ ਨਹੀਂ ਪੜ੍ਹਿਆ ਚਾਹ ਵਿਚ ਟੈਨਨ ਹੈ

ਪਿੰਕੀ : ਪੜ੍ਹਿਆ ਹੈ।

ਦਲੀਪ ਸਿੰਘ : ਤਮਾਕੂ ਵਿਚ ਨਿਕੋਟੀਨ, ਜਿਸ ਦੀ ਇਕ ਬੂੰਦ ਹਾਥੀ ਨੂੰ ਕਮਲਾ ਕਰ ਸਕਦੀ ਹੈ। ਇਸ ਨਾਲ ਕੈਂਸਰ ਦੀ ਬਿਮਾਰੀ ਹੋ ਸਕਦੀ ਹੈ।

ਪਿੰਕੀ : ਸਭ ਠੀਕ।

ਦਲੀਪ ਸਿੰਘ : ਸ਼ਰਾਬ ਵਿਚ ਅਲਕੋਹਲ ਹੈ।

ਪਿੰਕੀ : ਇਹ ਵੀ ਸੱਚ।

ਦਲੀਪ ਸਿੰਘ : ਹੋਰ ਸੁਣੋ। ਸ਼ਰਾਬ ਅੰਦਰ ਜਾਂਦੀ ਏ ਤਾਂ ਅਕਲ ਬਾਹਰ ਆ ਜਾਂਦੀ ਏ। ਕਈ ਵੇਰ ਸ਼ਰਾਬੀ ਪਾਗ਼ਲਾਂ ਵਾਂਗੂੰ ਨਾਲੀਆਂ ਵਿਚ ਡਿੱਗਦਾ ਏ ਤੇ ਮੂੰਹ ਕੁੱਤੇ ਚੱਟਦੇ ਹਨ।

ਈਸ਼ਰ ਸਿੰਘ : ਮਰ ਜਾਣੀਏ ਪਿੰਕੀ! ਤੂੰ ਹਾਂ ਜੀ ਹਾਂ ਜੀ ਕਰੀ ਜਾਨੀ ਏਂ। ਸਾਨੂੰ ਪਹਿਲਾਂ ਕਦੇ ਨਹੀਂ ਦੱਸਿਆ।

ਰਵੇਲ ਕੌਰ : ਝਲੀਏ ਤੁਹਾਨੂੰ ਪੜ੍ਹਾਇਆ ਲਿਖਾਇਆ ਕਿਸ ਵਾਸਤੇ, ਜੇ ਪੜ੍ਹ ਕੇ ਪੋਥੀ ਠੱਪ ਦੇਣੀ ਏ। ਜੇ ਸ਼ਰਾਬ, ਚਾਹ, ਕਾਫ਼ੀ ਵਿਚ ਔਗੁਣ ਹੀ ਔਗੁਣ ਹਨ, ਫਿਰ ਇਹ ਬਲਾ ਗਲ ਕਿਉਂ ਪਾਈ ਫਿਰਨੇ ਆਂ ਛੱਡੋ ਖਹਿੜਾ ਇਨ੍ਹਾਂ ਦਾ।

ਦਲੀਪ ਸਿੰਘ : ਕਾਫ਼ੀ ਵਿਚ ਕੋਈ ਪੋਸਟਕ ਤੱਤ ਨਹੀਂ। ਕੇਵਲ ਦੁੱਧ ਦੀ ਛਿੱਟ ਤੇ ਖੰਡ ਜ਼ਰੂਰ ਹੁੰਦੀ ਏ। ਪਰ ਹੁਣ ਤਾਂ ਡਾਕਟਰ ਖੰਡ ਨੂੰ white position ਕਹਿਣ ਲੱਗ ਪਏ ਹਨ।

ਈਸ਼ਰ ਸਿੰਘ : ਡਾਕਟਰਾਂ ਦਾ ਵੀ ਦਿਮਾਗ਼ ਫਿਰਿਆ ਹੋਇਆ ਹੈ ਅੱਜ ਹੋਰ ਕੱਲ ਹੋਰ।

ਦਲੀਪ ਸਿੰਘ : ਬਾਪੂ ਜੀ! ਦਿੱਲੀ ਵਿਚ ਮਥਰਾ ਦਾਸ ਇੱਕੋ ਨੇਚਰੋ-ਪੈਥ ਹੈ। ਉਸ ਮਰੀਜ਼ਾਂ ਦੇ ਬੈਠਣ ਵਾਲੇ ਕਮਰੇ ਵਿਚ ਲਿਖ ਕੇ ਲਾਇਆ ਹੋਇਆ ਹੈ ਕਿ ਕੋਕਾ ਕੋਲਾ ਪੀਣ ਵਾਲੇ ਜ਼ਹਿਰ ਪੀਂਦੇ ਹਨ। ਲਓ ਹੋਰ ਸੁਣੋ! WHO ਵਿਸ਼ਵ ਸਵਾਸਥ ਸੰਸਥਾ, ਹੈ ਉਸ ਖੋਜ ਕੀਤੀ ਹੈ ਕਿ ਹਾਰਡ ਵਾਕਰ ਦਿਲ ਦੀ ਬਿਮਾਰੀ ਪੈਦਾ ਕਰਨ ਦੇ ਕਾਰਨ ਹਨ। ਇਸਦੀ ਨਿਸਬਤ ਹਾਰਡ ਵਾਟਰ, ਭਾਵ ਖੂਹ ਨਦੀ ਜਾਂ ਝੀਲ ਦੇ ਪਾਣੀ ਰੋਗ ਨਾਸ਼ਕ ਹਨ। ਉਹ ਲੋਕ ਹਾਰਡ ਵਾਟਰ ਬੋਤਲਾਂ ਭਰ ਭਰ ਰਖਦੇ ਹਨ ਤੇ ਮਰੀਜ਼ਾਂ ਨੂੰ ਦੇਂਦੇ ਹਨ।

ਈਸ਼ਰ ਸਿੰਘ : ਇਹ ਠੀਕ ਹੈ?

ਦਲੀਪ ਸਿੰਘ : ਬਿਲਕੁਲ ਠੀਕ। ਅੱਜ ਜਮਦਿਆਂ ਬੱਚਿਆਂ ਨੂੰ ਐਨਕਾਂ ਲੱਗ ਜਾਂਦੀਆਂ ਹਨ, ਵਾਲ ਚਿੱਟੇ ਹੋਣੇ ਸ਼ੁਰੂ ਹੋ ਜਾਂਦੇ ਹਨ, ਨਜ਼ਲਾ ਪਿੱਛਾ ਨਹੀਂ ਛੱਡਦਾ ਸਿਰ ਦਰਦ ਪੱਲੇ ਪੈ ਜਾਂਦੀ ਹੈ, ਡਾਕਟਰਾਂ ਦੀਆਂ ਦੁਕਾਨਾਂ ਤੇ ਵਾਰੀ ਨਹੀਂ ਆਉਂਦੀ ਇਹ ਸਭ ਗ਼ਲਤ ਖਾਣ ਦੇ ਨਤੀਜੇ ਹਨ।

ਰਵੇਲ ਕੌਰ : ਪਤਾ ਨਹੀਂ ਇਹ ਮੁੰਡੇ ਕੁੜੀਆਂ ਪੜ੍ਹਦੇ ਕੀ ਹਨ। ਇਨ੍ਹਾਂ ਚੰਗੀ ਗੱਲ ਦੱਸਣੀ ਨਹੀਂ।

ਦਲੀਪ ਸਿੰਘ : ਮਾਤਾ। ਤੁਸੀਂ ਆਪਣਾ ਵੇਲਾ ਯਾਦ ਕਰੋ। ਤੁਸੀਂ ਚਾਹ ਲੱਸੀ ਪੀਂਦੇ ਸਓ, ਮੱਖਣ ਖਾਂਦੇ ਸਓ, ਰਹੋ ਛਕਦੇ ਸਓ। ਅੱਖਾਂ ਕਮਜ਼ੋਰ ਨਹੀਂ ਹੁੰਦੀਆਂ ਸਨ? ਸੌ ਸੌ ਸਾਲ ਦੀਆਂ ਮਾਈਆਂ ਸੂਈ ਵਿਚ ਧਾਗਾ ਪਾ ਲੈਂਦੀਆਂ ਸਨ। ਕਸੀਦੇ ਕੱਢਦੀਆਂ ਸਨ। ਮਰਦ ਵੀ ਅੱਸੀ ਅੱਸੀ ਨੱਬੇ ਨੱਬੇ ਸਾਲ ਦੇ ਘੋੜਿਆਂ ਵਾਂਗੂੰ ਦੌੜਦੇ ਸਨ। ਠੰਡ ਗਰਮੀ ਕਿਤੇ ਪਹੁੰਦੀ ਨਹੀਂ ਸੀ।

ਈਸ਼ਰ ਸਿੰਘ : ਚਲੋ ਤੁਹਾਡੀ ਇਹ ਗੱਲ ਮੰਨ ਲਈਏ, ਪਰ ਕੂਕੇ ਬੰਦੇ ਨੂੰ ਮੱਥਾ ਟੇਕਦੇ ਨੇ। ਇਹ ਬੜੀ ਹੈਰਾਨੀ ਦੀ ਗੱਲ ਏ! ਕਿੱਡੀ ਜਹਾਲਤ ਏ।

ਦਲੀਪ ਸਿੰਘ : ਲਓ ਜੀ! ਜਗਦੀਸ਼ ਵੀ ਆ ਗਿਆ। ਤੁਹਾਡੇ ਸ਼ੰਕਿਆਂ ਦਾ ਇਹ ਉੱਤਰ ਦੇਵੇਗਾ।

ਜਗਦੀਸ਼ : ਝਗੜਾ ਕੀ ਏ?

ਦਲੀਪ ਸਿੰਘ : ਝਗੜ ਕਾਹਦਾ ਏ, ਓਹੋ ਪੁਰਾਣੀਆਂ ਗੱਲਾਂ ਉਹ ਅੰਗ੍ਰੇਜ਼ਾਂ ਦੇ ਪਾਏ ਪੁਆੜੇ। ਇਹ ਪੁੱਛਦੇ ਹਨ ਕਿ ਕੂਕੇ ਬੰਦੇ ਨੂੰ ਕਿਉਂ ਮੱਥਾ ਟੇਕਦੇ ਹਨ।

ਜਗਦੀਸ਼ : ਬਾਪੂ! ਕੂਕੇ ਠੀਕ ਈ ਕਰਦੇ ਹਨ ਇਹ ਆਮ ਸਿੱਖਾਂ ਵਾਂਗੂੰ ਗ੍ਰੰਥ ਸਾਹਿਬ ਨੂੰ ਕੇਵਲ ਰੁਮਾਲੇ ਚਾੜ੍ਹਨੇ ਜਾਂ ਮੱਥਾ ਟੇਕਣ ਨੂੰ ਵਡਿਆਈ ਨਹੀਂ ਦੇਂਦੇ। ਇਹ ਜੋ ਇਸ ਵਿਚ ਲਿਖਿਆ ਹੈ ਉਸ ਦੇ ਅੱਖਰ ਅੱਖਰ ਤੇ ਅਮਲ ਕਰਦੇ ਹਨ।

ਗੰਡਾ ਸਿੰਘ : ਅਮਲ ਕਰਦੇ ਹਨ? ਕੂਕੇ?

ਜਗਦੀਸ਼ : ਹਾਂ, ਹਾਂ, ਬਾਣੀ ਦਾ ਅਦਬ ਕਰਦੇ ਹਨ, ਤੇ ਜੋ ਲਿਖਿਆ ਹੈ, ਉਸ ਤੇ ਚਲਦੇ ਹਨ। ਤੁਹਾਡੇ ਵਾਂਗੂੰ ਬੁਤ ਪੂਜਾ ਨਹੀਂ ਕਰਦੇ, ਕਿ ਰੁਮਾਲਾ ਚੜ੍ਹਾ ਦਿੱਤਾ, ਕੜਾਹ ਪ੍ਰਸ਼ਾਦ ਲਿਆ ਰਖਿਆ। ਗਰਮੀ ਵਿਚ ਪੱਖੇ ਰਖ ਦਿੱਤੇ, ਸਰਦੀਆਂ ਵਿਚ ਹੀਟਰ ਭਖਾ ਦਿੱਤੇ। ਬਸ ਕੜਾਹ ਪ੍ਰਸ਼ਾਦ ਆਪੇ ਚੜ੍ਹਾਓ ਤੇ ਆਪੇ ਭੋਗ ਲਾਓ।

ਗੰਡਾ ਸਿੰਘ : ਬਾਣੀ ਵਿੱਚੋਂ ਪਰਮਾਣ ਦਿਓ।

ਜਗਦੀਸ਼ ਸਿੰਘ : ਬਾਣੀ ਵਿਚ ਲਿਖਿਆ ਹੈ:-

(ੳ) **ਜੋ ਦੀਸੈ ਗੁਰ ਸਿਖੜਾ ਤਿਸ ਨਿਵਿ ਨਿਵਿ ਲਾਗੈ ਪਾਇ॥**

(ਅ) **ਸਤਿਗੁਰ ਸਰਨੀ ਜਾਇ ਪਓ ਮੇਰੀ ਜਿੰਦੜੀਏ,**
**ਜਉ ਗੁਣ ਦਸੇ ਹਰਿ ਪ੍ਰਭ ਕੇਰੇ ਰਾਮ॥**

(੫੩੮)

**ਗੁਰ ਕੇ ਚਰਨ ਰਿਦੇ ਲੈ ਧਾਰਹੁ॥**
**ਗੁਰ ਪਾਰਬ੍ਰਹਮ ਸਦਾ ਨਨਮਕਾਰਹੁ॥**

(ਗੌਂਡ ਮਹਲਾ ੫)

(ੲ) **ਸੋ ਸੀਸ ਭਲਾ ਪਵਿਤਰ ਪਾਵਨ ਮੇਰੀ ਜਿੰਦੜੀਏ,**
**ਜੋ ਜਾਇ ਲਗੇ ਗੁਰ ਪੈਰੇ ਰਾਮ॥੫੪੦॥**

(ਸ) **ਸਤਿਗੁਰ ਚਰਨ ਜਿਨ ਪਰਸਿਆ,**
**ਸੇ ਪਸੁ ਪਰੇਤ ਸੁਰਿ ਨਰ ਭਇਆ॥349॥**

ਪਰ ਜਿਹੜੇ ਸਰ ਫਿਰੇ ਇਹ ਨਹੀਂ ਸਮਝਦੇ ਉਨ੍ਹਾਂ ਬਾਰੇ ਇਉਂ ਕਿਹਾ ਗਿਆ ਹੈ:-

**ਜੋ ਸਤਿਗੁਰ ਸਰਣਿ ਸੰਗਤ ਨਹੀਂ ਆਇ॥**
**ਧਿੰਗ ਜੀਵੈ ਧਿੰਗ ਜੀਅ ਵਾਸ॥੪੯੨॥**

ਰਵੇਲ ਕੌਰ : ਤੁਸੀਂ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਨਹੀਂ ਮੰਨਦੇ।

ਜਗਦੀਸ਼ ਸਿੰਘ : ਸਾਡੇ ਗੁਰੂ ਸਾਹਿਬਾਨ ਇਸ ਦਾ ਸਤਿਕਾਰ ਕਰਦੇ ਹਨ।

ਪਹਿਲੇ ਗੁਰੂ ਵੀ ਸਤਿਕਾਰ ਕਰਦੇ ਸਨ, ਕਿਉਂਕਿ ਇਹ ਗੁਰੂਆਂ ਦੀ ਬਾਣੀ ਹੈ; ਗੁਰੂਆਂ ਦਾ ਉਪਦੇਸ਼ ਹੈ; ਇਸ ਦਾ ਜਿੰਨਾ ਅਦਬ ਕੀਤਾ ਜਾਵੇ ਥੋੜ੍ਹਾ ਹੈ, ਪਰ ਗੁਰੂ ਤਾਂ ਕੇਵਲ ਦੇਹ ਵਾਲਾ ਹੁੰਦਾ ਹੈ।

ਦਲੀਪ ਸਿੰਘ : ਇਹ ਸਾਡੀ ਘਰ ਦੀ ਗੱਲ ਨਹੀਂ ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਹੈ।

ਰਵੇਲ ਕੌਰ : ਕੀ ਲਿਖਿਆ ਹੈ?

ਜਗਦੀਸ਼ ਸਿੰਘ : **ਬਿਨੁ ਗੁਰ ਭਰਮੈ ਆਵੈ ਜਾਇ॥**
**ਬਿਨੁ ਗੁਰ ਘਾਲ ਨ ਪਵਈ ਥਾਇ॥**
**ਬਿਨੁ ਗਰੁ ਮਨੂਆਂ ਅਤਿ ਡੋਲਾਇ॥**
**ਬਿਨੁ ਗੁਰ ਤ੍ਰਿਪਤਿ ਨਹੀਂ, ਬਿਖਿ ਖਾਇ॥**
**ਬਿਨੁ ਗੁਰ ਬਿਸੀਅਰ ਡਸੈ ਮਰਵਾਟ॥**
**ਨਾਨਕ ਗੁਰ ਬਿਨ ਘਾਟੇ ਘਾਟ॥**

ਦਲੀਪ ਸਿੰਘ : ਹੋਰ ਸੁਣੋ। ਜਗਦੀਸ਼ ਜੀ ਕਰੋ ਕਿਰਪਾ।

ਜਗਦੀਸ਼ ਸਿੰਘ : **ਬ੍ਰਹਮ ਬਿੰਦੇ ਸੋ ਸਤਿਗੁਰ ਕਹੀਐ ਹਰਿ ਹਰਿ ਕਥਾ ਸੁਨਾਵੈ॥**
**ਤਿਸੁ ਗੁਰ ਕਉ ਛਾਦਨ ਭੋਜਨ ਪਾਟ ਪਟੰਬਰ ਬਹੁ**
**ਬਿਧਿ ਸਤਿਕਰ ਮੁਖ ਸੰਚਹੁ ਤਿਸੁ ਪੁੰਨ ਕੀ ਫਿਰਿ**
**ਤੋਟਿ ਨਾ ਆਵੈ॥**
**ਸਤਿਗੁਰ ਦੇਉ ਪਰਤਖਿ ਹਰਿ**
**ਮੂਰਤਿ ਜੁ ਅੰਮ੍ਰਿਤ ਬਚਨ ਸੁਨਾਵੈ॥**
**ਨਾਨਕ ਭਾਗ ਭਲੇ ਤਿਸੁ ਜਨਕੇ**
**ਜੋ ਹਰਿ ਚਰਨੀ ਚਿਤ ਲਾਵੈ॥**

(ਮਹਲਾ ੪, ਪੰਨਾ ੧੨੬੮)

ਰਵੇਲ ਕੌਰ : ਪਰ ਮੈਨੂੰ ਤਾਂ ਸਮਝ ਨਹੀਂ ਆਉਂਦੀ ਕਿ ਗੁਰੂ ਦੀ ਕੋਈ ਲੋੜ ਵੀ ਹੈ?

ਜਗਦੀਸ਼ ਸਿੰਘ : ਲੋੜ ਕਿਉਂ ਨਹੀਂ ਗੁਰੂ ਤੋਂ ਗਿਆਨ ਪ੍ਰਾਪਤ ਹੁੰਦਾ ਹੈ। ਗੁਰੂ ਸ਼ਬਦ "ਗੁ+ਰੂ" ਤੋਂ ਬਣਿਆ ਹੈ। ਗੁ=ਅੰਨ੍ਹੇਰਾ, ਰੂ=ਪ੍ਰਕਾਸ਼ ਕਰਨਾ। ਮਤਲਬ ਅੰਨ੍ਹੇਰੇ ਨੂੰ ਦੂਰ ਕਰਨ ਵਾਲਾ। ਭਾਵ ਗੁਰੂ ਉਹ ਹੈ ਜਿਹੜਾ ਪ੍ਰਾਣੀ ਅੰਦਰ ਨੂਰੋ ਨੂਰ ਕਰ ਦੇਵੇ।

ਈਸ਼ਰ ਸਿੰਘ : ਕਈ ਸਾਧੂ ਫ਼ਕੀਰ ਵੀ ਮਿਟੀ ਤੋਂ ਸੋਨਾ ਬਣਾ ਸਕਦੇ ਹਨ; ਗੋਰੀਆਂ ਦੇ ਰੋਗ ਕਟ ਸਕਦੇ ਹਨ; ਹਵਾ ਵਿਚ ਉਡਾਰੀਆਂ ਭਰ ਸਕਦੇ ਹਨ। ਕੀ ਉਨ੍ਹਾਂ ਤੋਂ ਗਿਆਨ

ਮਿਲ ਸਕਦਾ ਹੈ?

ਜਗਦੀਸ਼ ਸਿੰਘ : ਨਹੀਂ ਨਹੀਂ, ਕਦਾਚਿਤ ਨਹੀਂ। ਗਿਆਨ ਵਾਸਤੇ ਗੁਰੂ ਦੀ ਲੋੜ ਹੈ। ਪੰਡਿਤ ਗੋਪਾਲ ਸਿੰਘ ਜੀ ਕਿਸੇ ਕਵੀ ਦੇ ਸ਼ਬਦਾਂ ਨੂੰ ਬੜਾ ਸੁਰ ਵਿਚ ਝੂਮ ਝੂਮ ਸੁਨਾਇਆ ਕਰਦੇ ਹਨ।

ਰਵੇਲ ਕੌਰ : ਉਹ ਕੀ?

ਜਗਦੀਸ਼ ਸਿਘ : **ਯਿਹ ਮੁਮਕਨ ਹੈ, ਕਿ ਕੋਹਿਗਿਰਾਂ ਫੂਕੋਂ ਸੇ ਹਿਲ ਜਾਏ**
**ਯਿਹ ਮੁਮਕਨ ਹੈ, ਕਿ ਕੋਈ ਫੂਲ ਬਿਨ ਬੇਮੌਸਮ ਖਿਲ ਜਾਏ**
**ਯਿਹ ਮੁਮਕਨ ਹੈ, ਕਿ ਧਾਗੇ ਸੇ ਨਦੀ ਕਾ ਪੇਟ ਸਿਲ ਜਾਏ**
**ਹਲਾਹਲ ਸੇ ਪਿਯਾਮੇ ਜ਼ਿੰਦਗੀ ਮੁਮਕਨ ਹੈ ਮਿਲ ਜਾਏ**
**ਮਗਰ ਯਿਹ ਨਾ-ਮੁਮਕਿਨ ਹੈ, ਕਿ ਗੁਰੂ ਬਿਨ ਗਿਆਨ ਹੋ ਜਾਏ**

ਈਸ਼ਰ ਸਿੰਘ : ਹੱਛਾ ਇੰਨਾ ਮਹਾਨ ਹੈ ਗੁਰੂ?

ਜਗਦੀਸ਼ ਸਿੰਘ : ਅਸਲ ਵਿਚ ਗੁਰੂ ਦੀ ਦੇਹ ਵਿਚ ਸਰਬ ਸ਼ਕਤੀਮਾਨ ਅਕਾਲ ਪੁਰਖ ਆਪ ਹੁੰਦਾ ਹੈ। ਮਾਨਸ ਰੂਪ ਵਿਚ ਆਪ ਪਰਮੇਸਰ ਹੁੰਦਾ ਹੈ। ਭਾਈ ਗੁਰਦਾਸ ਜੀ ਕਿਤਨਾ ਸੁੰਦਰ ਵਰਣਨ ਕੀਤਾ ਹੈ।

**ਰੋਮ ਰੋਮ ਕੋਟਿ ਬ੍ਰਾਹਮਾਂਡ ਕੋ ਨਵਾਸ ਜਾਸ,**
**ਮਾਨਸ ਔਤਾਰ ਧਾਰ ਦਰਸ ਦਖਾਏ ਹੈਂ।**
**ਜਾ ਕੇ ਓਕਾਰ ਕੇ ਆਕਾਰ ਹੈਂ ਨਾਨਾ ਪ੍ਰਕਾਰ,**
**ਸ੍ਰੀ ਮੁਖ ਸ਼ਬਦ ਗੁਰ ਸਿਖਨ ਸੁਨਾਏ ਹੈਂ।**
**ਜਗ ਭੋਗ ਨਈ ਵੇਦ ਜੁਗਤ ਭਗਤ ਜਾਇ,**
**ਅਸਨ ਬਸਨ ਗੁਰ ਸਿਖਨ ਲਡਾਏ ਹੈਂ।**
**ਨਿਗਮ ਲੇਖਾਇਕ ਕਥਿਤ ਨੇਤ ਨੇਤ ਕਰ,**
**ਪੂਰਨ ਬ੍ਰਹਮ ਗੁਰ ਸਿਖਨ ਲਖਾਏ ਹੈਂ।**

ਈਸ਼ਰ ਸਿੰਘ : ਇਹ ਗੁਰੂ ਅਰਜਨ ਦੇਵ ਜੀ ਦੇ ਮਾਮੇ ਦੇ ਸ਼ਬਦ ਹਨ।

ਜਗਦੀਸ਼ ਸਿੰਘ : ਹਾਂ, ਹਾਂ, ਮਾਮੇ ਦੇ। ਪਰ ਇਹ ਗੱਲ ਤਾਂ ਦਸਮ ਪਾਤਸ਼ਾਹ ਵੀ ਮੰਨਦੇ ਹਨ, ਉਨ੍ਹਾਂ ਦਾ ਕਥਨ ਹੈ:-

**ਜਬ ਤਬ ਹੋਤ ਅਰਿਸ਼ਟ ਅਪਾਰਾ॥**
**ਤਬ ਤਬ ਦੇਹ ਧਰਤ ਅਵਤਾਰਾ॥**

ਰਵੇਲ ਕੌਰ : ਗੁਰੂ ਦੇਹਧਾਰੀ?

ਜਗਦੀਸ਼ ਸਿੰਘ : ਹਾਂ ਮਾਤਾ। ਗੁਰੂ ਸਦਾ ਦੇਹਧਾਰੀ। ਗੁਰੂ ਰੱਬੀ ਜੋਤ ਮਨੁੱਖੀ ਜਾਮੇ ਵਿਚ ਮਨੁੱਖ ਵਾਂਗੂੰ ਵਿਚਰਦਾ ਹੈ, ਹਸਦਾ ਹੈ, ਖੇਡਦਾ ਹੈ, ਰਾਸਾ ਪਾਂਦਾ ਹੈ, ਖੰਡੇ ਵੀ ਖੜਕਾਂਦਾ ਹੈ, ਜਿੱਧਰ ਤ੍ਰੁਠ ਪਵੇ ਨੌਂ ਨਿਧਾਂ ਤੇ ਬਾਰਾਂ ਸਿੱਧਾਂ ਪ੍ਰਾਪਤ

ਹੋ ਜਾਂਦੀਆਂ ਹਨ। ਇਸ ਦੇ ਨੇਤਰਾਂ ਵਿਚ ਅੰਮ੍ਰਿਤ! ਵੇਖ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅੰਮ੍ਰਿਤ-ਮਈ ਤਕਣੀ ਨੇ ਕੌਡੇ ਰਾਖਸ਼ ਦਾ ਤਪਦਾ ਕੜਾਹ ਠੰਡਾ ਠਾਰ ਕਰ ਦਿੱਤਾ। ਲੱਕੜਾਂ ਵੀ ਬੁਜ ਗਈਆਂ ਤਨ ਮਨ ਸੀਤਲ ਹੋ ਗਿਆ। ਸੈਦ ਖ਼ਾਂ ਪਠਾਣ, ਪਾਨ ਦਾ ਬੀੜਾ ਚੁੱਕ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਿਰ ਕਲਮ ਕਰਨ ਦਾ ਖਾਹਿਸ਼ਮੰਦ, ਅੰਗਾਰਿਆਂ ਵਰਗੀਆਂ ਅੱਖਾਂ ਨਾਲ ਤਲਵਾਰ ਸੂਤ ਕੇ ਸਾਹਮਣੇ ਆਇਆ, ਪਰ ਕਲਗ਼ੀਧਰ ਪਿਤਾ, ਮਿਹਰ ਨਜ਼ਰ ਨਲ ਤਕਿਆ, ਪਠਾਣ ਬੱਚੇ ਦੀ ਤਲਵਾਰ ਔਹ ਜਾ ਪਈ, ਸਿਰ ਸਬਜੇ ਦੇ ਪੈਰਾਂ ਹੇਠਾਂ ਰੁਲਣ ਲੱਗਾ। ਸਿਪਾਹ ਸਲਾਹੀ ਖੂਹ ਵਿਚ, ਫ਼ਰਿਸ਼ਤਾ ਬਣ ਜੀਵਨ ਕਿਸੇ ਗੋਸੇ ਗੁਜ਼ਾਰਿਆ।

ਦਰਬਾਰਾ ਸਿੰਘ ਨੰਬਰਦਾਰ, ਪਰਲੇ ਦਰਜੇ ਦਾ ਵੈਲੀ ਸ਼ਰਾਬੀ-ਕਬਾਬੀ, ਸ਼ਰਾਬ ਆਪ ਤਿਆਰ ਕਰਦਾ ਪੰਜ ਸੌ ਚਿੜੇ ਪੰਜ ਬੱਕਰਿਆਂ ਦਾ ਮਾਸ ਪਾ ਲਾਹਣ ਤਿਆਰ ਕਰਦਾ, ਪਹਿਲੇ ਨੰਬਰ ਦਾ ਅਫੀਮੀ। ਸਤਿਗੁਰੂ ਰਾਮ ਸਿੰਘ ਕਿਰਪਾ ਦ੍ਰਿਸ਼ਟੀ ਕੀਤੀ, ਡੱਬੀ ਔਹ ਜਾ ਪਈ ਕੁਕੜਾਂ ਦੀਆਂ ਰੱਸੀਆਂ ਖੁੱਲ ਗਈਆਂ ਦੇਵਤਾ ਬਣ ਗਿਆ।

ਰੂੜ ਸਿੰਘ ਭਾਣੋ ਪਿੰਡ ਦਾ ਨੰਬਰਦਾਰ। ਚੋਰਾਂ ਧਾੜਵੀਆਂ ਦਾ ਸਰ-ਗੁਨਾਂ, ਪੁਲਿਸ ਦਾ ਟਾਊਟ, ਲਫੰਗਿਆਂ ਦਾ ਪੱਗ ਵਟਾਊ ਯਾਰ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਕ੍ਰਿਪਾ ਕੀਤੀ। ਰਿਸ਼ੀਆਂ ਵਿਚ ਸ਼ਾਮਲ ਹੋ ਗਿਆ। ਬਗ਼ਾਨੀ ਅੰਸ਼ ਗਊ ਸਮਾਨ।

ਰਵੇਲ ਕੌਰ : ਇਤਨੀ ਸ਼ਕਤੀ?

ਜਗਦੀਸ਼ ਸਿੰਘ : ਹਾਂ, ਹਾਂ, ਇਤਨੀ ਸ਼ਕਤੀ! ਰਸਨਾਂ ਵਿਚ ਮਿਕਨਾਤੀਸ। ਸ੍ਰੀ ਗੁਰੂ ਨਾਨਕ ਦੇਵ ਜੀ ਸੰਗਲਾਦੀਪ ਰਾਜੇ ਸ਼ਿਵਨਾਭ ਕੋਲ ਗਏ। ਗੁਰੂ ਜੀ ਦੀ ਸੁਗੰਧੀ ਪਸਰ ਗਈ। ਪਰ ਰਾਜ-ਮਧਦਾ ਸਦਾ ਇੱਟ ਕੁੱਤੇ ਦਾ ਵੈਰ। ਗੁਰੂ ਜੀ ਦੇ ਪਰਤਾਵੇ ਹਿਤ ਰਾਜੇ ਨੇ ਚੰਚਲ, ਫੱਫੇ ਕੁਟਣੀਆਂ ਹਾਵਾਂ ਭਾਵਾਂ ਨਾਲ ਗੁਰੂ ਜੀ ਦੇ ਮਨ ਨੂੰ ਚਲਾਇਮਾਨ ਕਰਨ ਖ਼ਾਤਰ ਭੇਜੀਆਂ ਪਰ ਗੁਰੂ ਜੀ ਦੇ ਇੱਕੋ ਵਾਕ:-

**ਗਾਛਹੁ ਪੁਤਰੀ ਰਾਜਿ ਕੁਮਾਰਿ॥**
**ਨਾਮ ਬੈਵਹੁ ਸਚ ਦੋਤ ਸਵਾਰ॥**

(ਬਸੰਤ ਮਹਲਾ ੧, ੧੯੮੭)

ਇਨ੍ਹਾਂ ਸ਼ਬਦਾਂ ਬਰਫ਼ਾਨੀ ਜਲ ਦਾ ਕੰਮ ਕੀਤਾ। ਵਿਸ਼ੇ ਵਿਕਾਰਾਂ ਵਾਲੀ ਭੱਠੀ ਸ਼ਾਂਤ ਹੋ ਗਈ। ਰਾਜ ਪਰਿਵਾਰ ਢਹਿ ਪਿਆ। ਇਸੇ ਰੱਬੀ ਜੋਤ ਨੇ ਸੱਜਣ ਠੱਗ ਨੂੰ ਦੇਵਤਾ ਬਣਾ ਦਿੱਤਾ।

**ਉਜਲੁ ਕੇਹਾਂ ਚਿਲਕਣਾਂ, ਘੋਟਿਮ ਕਾਲੀ ਮਸ॥**
**ਧੋਤਿਆਂ ਜੂਠਿ ਨ ਉਤਰੈ ਜੇ ਸਉ ਧੋਵਾਂ ਤਿਸੁ॥**
**ਸਜਣ ਸੋਈ ਨਾਲਿ ਮੈ ਚਲਿਦਿਆਂ ਨਾਲ ਚਲੋਨਿ॥**
**ਜਿਥੈ ਲੇਖਾਂ ਮੰਗੀਐ ਤਿਥੈ ਖੜੇ ਦਿਸੰਨਿ॥**

(ਸੂਹੀ ਮਹਲਾ ੧-੭੨੯)

ਗੁਰੂ ਜੀ ਮੌਜ ਨਾਲ ਪੜਦੇ ਗਏ ਸੱਜਣ ਦੇ ਅੰਦਰ ਬਾਣੀ ਉਤਰਦੀ ਗਈ। ਸਾਰੇ ਪਾਪ ਸਾਹਮਣੇ ਆ ਖਲੋਤੇ। ਸੱਜਣ ਚਰਣਾਂ ਤੇ ਢਹਿ ਪਿਆ ਠੀਕ ਸੱਜਣ ਬਣ ਖਲੋਤਾ।

ਏਵੇਂ ਭੂਮੀਆ ਚੋਰ ਚੋਰੀ ਕਰਦਾ, ਸਤਿਗੁਰੂ ਜੀ ਦੇ ਬਚਨ ਸੁਣ ਚੋਰੀ ਛਡ ਚੋਰਾਂ ਨੂੰ ਸਾਧੂ ਬਣਾਉਣ ਲੱਗਾ।

ਗੁਰੂ ਅਮਰਦਾਸ ਭਾਈ ਸਾਵਣ ਮਲ ਨੂੰ ਵਰ ਬਖਸ਼ ਮੰਡੀ ਭੇਜਿਆ। ਗੁਰੂ ਜੀ ਦੇ ਬਚਨਾਂ ਸਦਕਾ ਨੌ ਨਿਧਾਂ ਤੇ ਬਾਰਾਂ ਸਿਧਾਂ ਪੈਰਾਂ ਵਿਚ ਰੁਲਣ ਲੱਗੀਆਂ। ਰਾਜਾ ਤੇ ਉਸ ਦੇ ਦਰਬਾਰੀ ਭਾਈ ਜੀ ਦੇ ਟਿਹਲੂਏ ਬਣ ਖਲੋਤੇ। ਚਵੀ ਘੰਟੇ ਹੱਥ ਜੋੜੀ ਖੜੇ ਰਹਿਣ।

ਰਵੇਲ ਕੌਰ : ਮੁੰਡਿਓ ਤੁਸੀਂ ਤਾਂ ਗੁਣਾਂ ਦੇ ਗੁਥਲੇ ਹੋ।

ਜਗਦੀਸ਼ ਸਿੰਘ : ਬੇਬੇ ਜੀ! ਅਸੀਂ ਗੁਣਾਂ ਦੇ ਗੁਥਲੇ ਕੀ ਹੋਣਾ ਏ! ਉਹ ਰੱਬੀ ਰਹਿਮਤਾਂ ਦੇ ਸੋਮੇ ਹੁੰਦੇ ਹਨ, ਉਹ ਤਾਂ ਮੁਰਦਿਆਂ ਤਕ ਜੀਵਾ ਸਕਦੇ ਹਨ।

ਰਵੇਲ ਕੌਰ : ਮੁਰਦਿਆਂ ਨੂੰ ਜੀਵਾ ਸਕਦੇ ਹਨ? ਨਾ ਮੁਮਕਿਨ, ਹਰਗਿਜ਼ ਨਹੀਂ।

ਜਗਦੀਸ਼ ਸਿੰਘ : ਤੁਸੀਂ ਕਦੇ ਇਤਿਹਾਸ ਨਹੀਂ ਸੁਣਿਆ। ਗੁਰੂ ਗੋਬਿੰਦ ਸਿੰਘ, ਭਰੇ ਦਰਬਾਰ ਵਿਚ ਪੰਜਾਂ ਸਿੰਘਾਂ ਦੇ ਸਿਰ ਕਲਮ ਕਰ ਮੁੜ ਓਸੇ ਵੇਲੇ ਧੜ ਨੂੰ ਸਿਰਾਂ ਨਾਲ ਜੋੜ ਦਿੱਤਾ। ਉਹ ਪੰਜ ਪਿਆਰੇ ਬਣ ਨਿਤਰੇ। ਸਤਿਗੁਰੂ ਪ੍ਰਤਾਪ ਸਿੰਘ ਜੀ ਮਾਤਾ ਹਰਿ ਕੌਰ ਦੇ ਪੁੱਤਰ ਹਰਨਾਮ ਸਿੰਘ ਨੂੰ ਜਮਾ ਪਾਸੋਂ ਛੁੜਾ ਉਸਦੀ ਝੋਲੀ ਵਿਚ ਪਾਇਆ। ਸੋਗੀ ਪਰਿਵਾਰ

ਹਰਾ ਭਰਾ ਹੋ ਉੱਠਿਆ। ਗ਼ਮ ਦੇ ਸਾਗਰ ਵਿਚ ਗੋਤੇ ਖਾਂਦੇ ਸਾਕ ਸੰਬੰਧੀ ਫੁੱਲਾਂ ਵਾਂਗੂੰ ਖਿੜ ਪਏ।

ਰਵੇਲ ਕੌਰ : ਅਣਹੋਣੀਆਂ ਸੁਣ ਰਹੇ ਹਾਂ। ਵਿਗਿਆਨ ਨਹੀਂ ਮੰਨਦਾ।

ਜਗਦੀਸ਼ ਸਿੰਘ : ਪ੍ਰਤੱਖ ਨੂੰ ਪ੍ਰਮਾਣ ਕੀ। ਜਿਹੜੀ ਚੀਜ਼ ਸਾਮ੍ਹਣੇ ਵਾਪਰੇ, ਉਸਦਾ ਪਰਤਾਵਾ ਕੀ? ਵਿਗਿਆਨ ਅਜੇ ਬੱਚਾ ਹੈ। ਇਸ ਦੀ ਰੁਚੀ ਅਜੇ ਏਧਰ ਮੁੜੀ ਨਹੀਂ। ਗੁਰੂ ਪੀਰਾਂ ਦੀ ਚਰਨ ਛੁਹ ਪੱਥਰਾਂ ਨੂੰ ਮੋਮ ਕਰ ਦੇਂਦੀ ਏ?

ਰਵੇਲ ਕੌਰ : ਕੀ ਗੱਲਾਂ ਕਰਦੇ ਓ? ਰੱਬ ਨੂੰ ਰਹਿਣ ਦਿਓ।

ਜਗਦੀਸ਼ ਸਿੰਘ : ਭਗਵਾਨ ਰਾਮ ਸਦੀਆਂ ਦੀ ਸ੍ਰਾਪੀ ਅਹਲਿਆ ਜਿਹੜੀ ਸਿਲਾ ਬਣੀ ਪਈ ਸੀ, ਨੂੰ ਚਰਨ ਲਾਏ ਬਸ, ਬਬਾਣਾਂ ਤੇ ਚੜ ਸਵਰਗਾਂ ਨੂੰ ਗਈ। ਮਾਨਾਂ ਵਾਲੇ ਦੇ ਹੋਲੇ ’ਚ ਇਕ ਘੁਮਾਰੀ ਦਾ ਘੋੜੇ ਦੀ ਫੇਟ ਨਾਲ ਬੱਚਾ ਚੜ ਗਿਆ ਰੰਗ ਵਿਚ ਭੰਗ ਪੈ ਗਿਆ। ਸਤਿਗੁਰੂ ਰਾਮ ਸਿੰਘ ਜੀ ਬੱਚੇ ਨੂੰ ਚਰਨ ਲਾਇਆ ਬੱਚਾ ਖਿੜ ਖਿੜਾ ਕੇ ਹਸ ਪਿਆ। ਖ਼ੁਸ਼ੀ ਦੀ ਲਹਿਰ ਦੌੜ ਪਈ।

ਰਵੇਲ ਕੌਰ : ਹੈਂ?

ਜਗਦੀਸ਼ ਸਿੰਘ : ਇੱਥੇ ਹੀ ਬਸ ਨਹੀਂ ਹੋਰ ਸੁਣੋ। ਗ਼ਰੀਬ ਦਾਸ ਸਾਧੂ ਦਾ ਸਰੀਰ ਰੋਗੀ ਸੀ। ਵੈਦਾਂ ਲਾ-ਇਲਾਜ਼ ਦੱਸਿਆ ਮਹਾਂ ਪੁਰਸ਼ਾਂ ਕਰਮ ਰੋਗ ਕਿਹਾ, ਤੇ ਕਿਸੇ ਸਾਧੂ ਦੀ ਚਰਨ ਧੂੜੀ ਦੀ ਸਲਾਹ ਦਿੱਤੀ। ਸਤਿਗੁਰੂ ਪ੍ਰਤਾਪ ਸਿੰਘ ਜੀ ਗੁਜਰਾਂਵਾਲੇ ਦੀ ਧਰਤੀ ਨੂੰ ਤਾਰ ਰਹੇ ਸਨ ਲੰਗਰ ਦੇ ਲਾਗੇ ਹੱਥ ਧੋਣ ਵਾਲੇ ਜਲ ਦੀ ਬਾਟੀ ਪਈ ਸੀ। ਲੰਘਦਿਆਂ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਚਰਨ ਬਾਟੀ ਨੂੰ ਛੂਹ ਗਿਆ। ਸਾਧੂ ਉਸ ਜਲ ਨੂੰ ਛਕ ਗਿਆ ਬਸ ਕੁੰਦਨ ਵਰਗੀ ਦੇਹ ਨਿਕਲ ਆਈ ਕਿਹੜੀ ਕਿਹੜੀ ਕੱਥਾਂ ਕਰੀਏ, ਮੁਕਦੀਆਂ ਨਹੀਂ।

ਰਵੇਲ ਕੌਰ : ਕੋਈ ਕਸਰ ਰਹਿ ਗਈ ਏ?

ਜਗਦੀਸ਼ ਸਿੰਘ : ਲਓ ਸੁਣੋ ਗੁਰੂ ਸਿੱਖ ਨਾਲ ਕਿੰਨਾ ਸਨੇਹ ਕਰਦਾ ਹੈ, ਇਹ ਦਸ ਕੇ ਇਸ ਨਾ ਮੁੱਕਣ ਵਾਲੀ ਵਾਰਤਾ ਦਾ ਭੋਗ ਪਾਂਦਾ ਹਾਂ।

ਰਵੇਲ ਕੌਰ : ਉਹ ਕੀ?

ਜਗਦੀਸ਼ ਸਿੰਘ : ਗੁਰੂ=**ਅਪੁਨੇ ਸੇਵਕ ਕੀ ਆਪੇ ਰਾਖੈ॥**
**ਆਪੇ ਨਾਮ ਜਪਾਵੈ॥**

**ਜਹਿ ਜਹਿ ਕਾਜ ਕਿਰਤਿ ਸੇਵਕ ਕੀ॥**
**ਤਾਹ ਤਾਹ ਉਠਿ ਧਾਵਹਿ॥**
**ਸੇਵਕ ਕਉ ਨਿਕਟੀ ਹੋਇ ਦਖਾਵੈ॥**
**ਜੋ ਜੋ ਕਹੈ ਠਾਕੁਰ ਪਹਿ ਸੇਵਕੁ॥**
**ਤਤਕਾਲ ਹੋਇ ਆਵੈ॥**

(ਆਸਾ ਮਹਲਾ ੫, ਪੰਨਾ ੪੦੩)

ਰਵੇਲ ਕੌਰ : ਚੰਗਾ ਵੀਰ। ਇਕ ਸੁਣਾ ਦੇ ਮੈਂ ਤਾਂ ਕੁਰਬਾਨ ਹਾਂ। ਤੁਹਾਡਾ ਭਲਾ ਹੋਵੇ।

ਜਗਦੀਸ਼ ਸਿੰਘ : ਗੁਰੂ ਦਾ ਸਿੱਖ ਗੁਰੂ ਦੇ ਬਚਨ ਤੇ ਫੁੱਲ ਚੜ੍ਹਾਉਣਾ ਧਰਮ ਸਮਝਦਾ ਹੈ। ਭਾਈ ਮਨੀ ਸਿੰਘ ਬੰਦ ਬੰਦ ਕਟਵਾਏ ਤਾਰੂ ਸਿੰਘ ਖੋਪਰੀ ਲੁਹਾਈ, ਦਿਆਲਾ ਜੀ ਉਬਲਦੀ ਦੇਗ ਵਿਚ ਬੈਠਾ, ਮਤੀ ਦਾਸ ਆਰੇ ਨਾਲ ਚੀਰਿਆ ਗਿਆ। ਗੁਰੂ ਦੀਆਂ ਦੁਲਾਰੀਆਂ ਸਵਾ ਸਵਾ ਮਣ ਦਾਣੇ ਪੀਹ ਧੰਨ ਭਾਗ ਜਾਵੇ, ਭਾਈ ਹਾਕਮ ਸਿੰਘ, ਬੀਹਲਾ ਸਿੰਘ, ਲਹਿਣਾ ਸਿੰਘ, ਫਤਹ ਸਿੰਘ ਬੇਦੋਸਿਆਂ ਨੂੰ ਛੁਡਾ ਆਪ ਫ਼ਾਂਸੀਆਂ ਦੇ ਰੱਸਿਆਂ ਨੂੰ ਚੁੰਮਿਆ।

ਰਵੇਲ ਕੌਰ : ਵੀਰਾ! ਧੰਨ ਓ ਤੁਸੀਂ ਤੇ ਧੰਨ ਏ ਤੁਹਾਡਾ ਗੁਰੂ।

ਜਗਦੀਸ਼ ਸਿੰਘ : ਕਿਹੜਾ ਕਿਹੜਾ ਜ਼ਿਕਰ ਕਰਾਂ? ਸਮੇਂ ਦਾ ਸਤਿਗੁਰੂ ਹਜ਼ਾਰਾਂ ਮੀਲਾਂ ਤੇ ਬੈਠਾ ਵੀ ਸੇਵਕ ਦੀ ਰਖਿਆ ਕਰਦਾ ਹੈ, ਪਰਦੇ ਢੱਕਦਾ ਹੈ। ਦੁਆਪਰ ਵਿਚ ਦਰਯੋਧਨ ਦਰੋਪਦੀ ਨੂੰ ਭਰੇ ਦਰਬਾਰ ਵਿਚ ਨੰਗਾ ਕਰਨਾ ਚਾਹਿਆ, ਪਰ ਭਗਵਾਨ ਕ੍ਰਿਸ਼ਨ ਉਸ ਦੀ ਸਭਾ ਵਿਚ ਲਾਜ ਰੱਖੀ। ਗੁਰੂ ਅਰਜਨ ਦੇਵ ਜੀ ਭਾਈ ਕਟਾਰੂ ਦਾ ਕਾਬਲ ਵਿਚ ਘਸ ਗਏ ਵੱਟੇ ਨੂੰ ਪੂਰਾ ਕਰਨ ਹਿਤ ਨਾਨਕ ਕੀਤਾ ਤੇ ਸਿੱਖ ਦੀ ਸਹਾਇਤਾ ਕੀਤੀ। ਗੁਰੂ ਗੋਬਿੰਦ ਸਿੰਘ ਜੀ, ਜੋਗਾ ਸਿੰਘ ਨੂੰ ਵੈਸ਼ਵਾ ਦੇ ਚੁਬਾਰੇ ਚੜ੍ਹਨ ਤੋਂ ਬਚਾਉਣ ਹਿਤ ਸਾਰੀ ਰਾਤ ਹੁਸ਼ਿਆਰਪੁਰ ਪਹਿਰੇ ਦੇਂਦੇ ਰਹੇ।

ਰਵੇਲ ਕੌਰ : ਕੋਈ ਆਪਣੇ ਗੁਰੂ ਦੀ ਗੱਲ ਵੀ ਕਰੋ, ਇਹ ਤਾਂ ਸਭ ਠੀਕ ਹੈ।

ਜਗਦੀਸ਼ ਸਿੰਘ : ਸਤਿਗੁਰੂ ਰਾਮ ਸਿੰਘ ਜੀ ਭਾਈ ਰਾਏ ਸਿੰਘ ਨੂੰ ਸੈਂਕੜੇ ਮੀਲਾਂ ਤੇ ਬੈਠੇ ਨੂੰ ਸ਼ੇਰ ਦੀਆਂ ਦਾੜ੍ਹਾਂ ਹੇਠੋਂ ਜਾਣੋਂ ਬਚਾਇਆ। ਸਤਿਗੁਰੂ ਪ੍ਰਤਾਪ ਸਿੰਘ ਹਿਸਾਰ ਦੇ ਦਲੀਪ ਸਿੰਘ ਦੀ ਰਾਤ ਸਮੇਂ ਪਹਾੜਾਂ ਵਿਚ ਸਫ਼ਰ ਕਰਦਿਆਂ ਚਿਤਰੇ ਤੋਂ ਰਖਿਆ ਕੀਤੀ। ਇਸੇ ਤਰ੍ਹਾਂ ਇਨ੍ਹਾਂ ਨੇ

ਮਸਤਾਨਾਂ ਕਾਨ੍ਹ ਸਿੰਘ ਦੇਸ਼ ਦੇ ਵੰਢਾਰੇ ਸਮੇਂ ਗੁੰਡਿਆਂ ਤੋਂ ਬਚਾਇਆ। ਸੂਬਾ ਦੀਵਾਨ ਸਿੰਘ ਚੰਗਮਈ (ਮਿਆਮ) ਵਿਚ ਦੁਕਾਨਾਂ ਨੂੰ ਭਿਆਨਕ ਅੱਗ ਲੱਗਣ ਤੋਂ ਬਚਾਉਣ ਖ਼ਾਤਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਅਰਜ਼ੋਈ ਕੀਤੀ। ਸਤਿਗੁਰਾਂ ਵੱਲੋਂ ਤੁਰੰਤ ਪੋਣ ਨੂੰ ਹੁਕਮ ਹੋ ਗਿਆ। ਉਸ ਆਪਣਾ ਰੁਖ ਬਦਲ ਲਿਆ। ਸੂਬਾ ਜੀ ਦੀਆਂ ਦੁਕਾਨਾਂ ਅਗਨੀ ਦੀ ਲਪੇਟ ਤੋਂ ਦੂਰ ਹੋ ਗਈਆਂ। ਸੂਬਾ ਜੀ ਉੱਥੋਂ ਬੈਠਿਆਂ ਕੋਟਾਨ ਕੋਟ ਪ੍ਰਣਾਮ ਕਰਨ ਲੱਗੇ।

ਈਸ਼ਰ ਸਿੰਘ : ਗੁਰੂ ਕੇ ਲਾਲੋ! ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ। ਸਭ ਸਿਖਨ ਕਉ ਹੁਕਮ ਹੈ, ਗੁਰੂ ਮਾਨੀਯੋ ਗ੍ਰੰਥ। ਕੀ ਇਹ ਐਵੇਂ ਹੈ?

ਜਗਦੀਸ਼ ਸਿੰਘ : ਸਰਦਾਰ ਸਾਹਿਬ! ਐਵੇਂ ਨਹੀਂ ਤਾਂ ਹੋਰ ਕੀ ਏ। ਇਹ ਨਾ ਆਦਿ ਗ੍ਰੰਥ ਵਿਚ, ਨਾ ਦਸਮ ਗ੍ਰੰਥ, ਨਾ ਕਿਸੇ ਹੋਰ ਪ੍ਰਮਾਣੀਕ ਬਾਣੀ ਵਿਚ। ਹੈ ਕੋਈ ਵਿਦਵਾਨ ਜਿਹੜਾ ਦਸ ਸਕੇ ਕਿ ਇਹ ਦੋਹਰੇ ਗੁਰੂ ਗੋਬਿੰਦ ਸਿੰਘ ਜੀ ਦੇ ਹਨ ਤੇ ਕਿਹੜੇ ਗ੍ਰੰਥ ਵਿਚ ਹਨ?

ਈਸ਼ਰ ਸਿੰਘ : ਹੈ? ਕਿਤੇ ਨਹੀਂ?

ਜਗਦੀਸ਼ ਸਿੰਘ : ਬਿਲਕੁਲ ਨਹੀਂ। ਚਲੋ ਕੋਈ ਗਿਆਨੀ ਇਹ ਦਸ ਦੇਵੇ ਕਿ ਗੁਰੂ ਗੋਬਿੰਦ ਸਿੰਘ ਜੀ ਇਸ ਗ੍ਰੰਥ ਸਾਹਿਬ ਨੂੰ ਗੁਰਿਆਈ ਦਿੱਤੀ ਸੀ ਤੇ ਉਹ ਫਲਾਣੇ ਥਾਂ ਹੈ ਤਾਂ ਮੰਨ ਜਾਈਏ। ਸਾਡਾ ਕੋਈ ਸਿਰ ਫਿਰਿਆ ਕਿ ਆਢਾ ਲਾਈ ਰਖੀਏ।

ਸਾਰੇ : ਵਾਹ ਕੇਹੀ ਅਨੋਖੀ ਬਾਤ। ਅਸੀਂ ਹਨ੍ਹੇਰੇ ਵਿਚ ਟੱਕਰਾਂ ਮਾਰ ਰਹੇ ਹਾਂ।

ਜਗਦੀਸ਼ ਸਿੰਘ : ਇੱਥੇ ਬਸ ਨਹੀਂ। ਇਹ ਦੋਹਰਾ ਕਦੇ ਸੱਚਖੰਡ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਚ ਵੀ ਪੜ੍ਹਦਿਆਂ ਸੁਣਿਆ ਜੇ?

ਈਸ਼ਰ ਸਿੰਘ : ਕਹਿੰਦੇ ਤਾਂ ਬਹੁਤੇ ਇਹੋ ਹਨ ਕਿ ਉੱਥੇ ਇਹ ਦੋਹਰਾ ਨਹੀਂ ਪੜ੍ਹਿਆ ਜਾਂਦਾ।

ਜਗਦੀਸ਼ ਸਿੰਘ : ਫੇਰ ਗੱਲ ਕਾਹਦੀ ਹੋਈ!

ਦਲੀਪ ਸਿੰਘ : ਬਾਪੂ ਨਾ ਮੰਨਣ ਦਾ ਇਲਾਜ਼ ਤਾਂ ਅਫਲਾਤੂ ਕੋਲ ਨਹੀਂ ਸੀ।

ਈਸ਼ਰ ਸਿੰਘ : ਫਿਰ ਅਸੀਂ ਹਨ੍ਹੇਰਾ ਈ ਢੋਂਦੇ ਹਾਂ?

ਜਗਦੀਸ਼ ਸਿੰਘ : ਇਹ ਤੁਸੀਂ ਜਾਣੋ। ਪਰ ਇਸ ਦਾ ਇਹ ਮਤਲਬ ਹਰਗਿਜ਼ ਨਹੀਂ, ਅਸੀਂ ਕਿਸੇ ਨਾਲ ਨਫ਼ਰਤ ਕਰਦੇ ਹਾਂ। ਸਾਡਾ ਪਿਆਰ ਸਭ ਨਾਲ ਹੈ। ਹਿੰਦੂ ਸਾਡੇ ਭਰਾ ਹਨ। ਹੋਰ ਅਕਾਲੀ ਨਿਹੰਗ, ਨਿਰਮਲੇ ਉਦਾਸੀ, ਅਡਣਸ਼ਾਹੀਏ, ਨਿਰੰਕਾਰੀ ਸੇਵਾ ਪੰਥੀਏ ਰਾਧਾ ਸੁਆਮੀ ਸਭ ਨਾਲ ਸਾਡੀ ਮਿਤ੍ਰਤਾਈ ਹੈ। ਕੂਕੇ ਤਾਂ ਮੁਸਲਮਾਨ ਤਥਾ ਈਸਾਈਆਂ ਵਿਚ ਸਭ ਥਾਈਂ ਨਿਰੰਕਾਰੀ ਜੋਤ ਤਕਦੇ ਹਨ। ਇਨ੍ਹਾਂ ਦਾ ਨਿਤਾਂ ਪ੍ਰਤੀ ਦਾ ਪਾਠ ਹੈ:-

**ਸਭੈ ਘਟਿ ਰਾਮ ਬੋਲੈ, ਰਾਮਾ ਬੋਲੈ॥**
**ਰਾਮ ਬਿਨਾਂ ਕਊ ਬੋਲੈ ਰੇ॥**

# ਜਨਮ ਅਸ਼ਟਮੀ

ਲੀਲਾ ਵੰਤੀ : ਤੈਨੂੰ ਕ੍ਰਿਸ਼ਨ ਕਿਸੇ ਨਹੀਂ ਕਹਿਣਾ, ਜੇ ਮੇਰੇ ਚੀਰ ਮੁੱਕ ਗਏ।

ਮਾਈਆਂ : ਤੈਨੂੰ ਕ੍ਰਿਸ਼ਨ ਕਿਸੇ ਨਹੀਂ ਕਹਿਣ, ਜੇ ਮੇਰੇ ਚੀਰ ਮੁੱਕ ਗਏ।

ਪੁਸ਼ਪਾ : ਭੈਣ! ਤੁਸੀਂ ਕ੍ਰਿਸ਼ਨ ਨੂੰ ਮੰਨਦੇ ਹੋ?

ਸ਼ਕੁੰਤਲਾ : ਕਿਉਂ ਨਹੀਂ ਉਹ ਦੁਆਪਰ ਦੇ ਅਵਤਾਰ ਹਨ।

ਪੁਸ਼ਪਾ : ਦੂਜੇ ਸਰਦਾਰ ਤਾਂ ਨਹੀਂ ਮੰਨਦੇ। ਰਾਮ ਨਾ ਕ੍ਰਿਸ਼ਨ।

ਸ਼ਕੁੰਤਲਾ : ਬੀਬੀਓ! ਆਪਣੀ ਆਪਣੀ ਸਮਝ। ਤੁਸੀਂ ਜੋ ਗੁਰੂਆਂ ਦੇ ਗ੍ਰੰਥ ਵਿਚ ਭਗਵਾਨ ਕ੍ਰਿਸ਼ਨ ਬਾਰੇ ਲਿਖਿਆ ਹੈ ਉਹ ਸੁਣੋ।

ਧੰਨਿ ਧੰਨਿ ਓ ਰਾਮ ਬੇਨ ਬਾਜੈ॥
ਮਧੁਰ ਮਧੁਰ ਧੁਨਿ ਅਨਹਤ ਗਾਜੈ॥ਰਹਾਉ॥
ਧੰਨਿ ਧੰਨਿ ਮੇਘਾ ਰੁਮਾਵਲੀ॥
ਧੰਨਿ ਧੰਨਿ ਕ੍ਰਿਸ਼ਨ ਓਢੈ ਕਾਬਲੀ॥
ਧੰਨਿ ਧੰਨਿ ਤੂੰ ਮਾਤਾ ਦੇਵਕੀ॥
ਜਿਹ ਗ੍ਰਿਹ ਰਸਈਅ ਕਮਲਾ ਪਤੀ॥
ਬੇਨੁ ਬਜਾਵੈ ਗੋਧਨੁ ਚਰੈ॥
ਨਾਮੇ ਕਾ ਸੁਆਮੀ ਆਨੰਦ ਕਰੇ॥

ਪੁਸ਼ਪਾ : ਵਾਹ ਵਾਹ! ਕੈਸੀ ਸੁੰਦਰ ਰਚਨਾ ਹੈ।

ਸ਼ਕੁੰਤਲਾ : ਗੁਰੂ ਗੋਬਿੰਦ ਸਿੰਘ ਜੀ ਭਗਵਾਨ ਦੀ ਬਾਂਸਰੀ ਬਾਰੇ ਕਮਲਾ ਕਰ ਵਖਾਇਆ ਹੈ:-

**ਰੂਖਨ ਤੇ ਰਸ ਚੋਵਨ ਲਾਗਾ, ਝਰੇ ਝਰਨਾ ਗਿਰੇ ਤੇ ਸੁਖਦਾਈ॥**
**ਘਾਸ ਚੁਣੇ ਨਹੀਂ ਮਿਰਗ ਬਨਕੇ, ਖਗ ਰੀਝ ਰਹੇ ਸੁਕਪਾਈ॥**
**ਦੇਵ ਕੰਧਾਰ ਬਿਲਾਵਲ ਸਾਰੰਗ ਕੀ ਰਜਹਿਤ ਤਾਨ ਘੁਮਾਈ॥**
**ਦੇਵ ਸਬੈ ਮਿਲ ਦੇਖਤ ਕੌਤਮ, ਜੁ ਮੁਰਲੀ ਨੰਦ ਲਾਲ ਬਸਾਈ॥**

ਪੁਸ਼ਪਾ : ਗੁਰੂ ਜੀ ਦੀ ਬਾਣੀ ਦੀ ਤਾਂ ਮਹਿਮਾ ਨਹੀਂ ਕੀਤੀ ਜਾ ਸਕਦੀ।

ਸ਼ਕੁੰਤਲਾ : ਕੂਕਿਆਂ ਦੀ ਕਹਾਣੀ ਕੇਵਲ ਰਚਨਾ ਤੇ ਨਹੀਂ ਮੁਕਦੀ, ਇਹ ਤਾਂ ਸ੍ਰੀ ਰਾਮ ਤੇ ਕ੍ਰਿਸ਼ਨ ਬਿਨਾ ਸਿਖਇਜ਼ਮ ਨੂੰ ਪੂਰਾਂ ਨਹੀਂ ਸਮਝਦੇ।

ਫੂਲਾਂ : ਇਹ ਕਿਵੇਂ?

ਸ਼ਕੁੰਤਲਾ : ਅਸੀਂ ਤਾਂ ਇਉਂ ਮੰਨਦੇ ਹਾਂ, ਕਿ ਇਹ ਇੱਕੋ ਸ਼ਕਤੀ ਹੈ, ਜਿਸਦੇ ਸਮੇਂ ਸਮੇਂ ਨਾਮ ਬਦਲਦੇ ਆਏ ਹਨ। ਜਿਹੜੀ ਸ਼ਕਤੀ ਸਤਿਜੁਗ, ਤ੍ਰੇਤਾ, ਦੁਆਪਰ ਵਿਚ, ਓਹੋ ਸ਼ਕਤੀ ਕਲਿਜੁਗ ਵਿਚ ਕੇਵਲ ਨਾਮ ਬਦਲੇ ਹਨ।

ਫੂਲਾਂ : ਹੱਛਾ।

ਸ਼ਕੁੰਤਲਾ : ਅਸੀਂ ਗੱਲਾਂ ਕਰ ਖਾਂਖਾ ਖੋਖਲੀਆਂ ਨਹੀਂ ਕਰਦੇ ਇਹ ਰੱਬੀ ਬਾਣੀ, ਜਿਸਨੂੰ ਨਿਹੰਗ, ਅਕਾਲੀ, ਤੇ ਦੂਜੇ ਸਿੱਖ ਮੱਥਾ ਟੇਕਦੇ ਹਨ, ਉਹ ਹੀ ਵੱਡਾ ਸਬੂਤ ਹੈ।

ਫੂਲਾਂ : ਫਿਰ ਸਮਝਾਓ!

ਸ਼ਕੁੰਤਲਾ : ਉਸ ਵਿਚ ਗੁਰੂ ਅਰਜਨ ਦੇਵ ਜੀ ਕਲ ਭਟ ਦੀ ਜੁਬਾਨੀ ਲਿਖਿਆ ਹੈ!

**ਸਤਿਜੁਗ ਤੈ ਮਾਣਿਓ, ਛਲਿਓ ਬਲਿ ਬਾਵਨ ਭਾਇਓ॥**
**ਤ੍ਰੇਤੈ ਤੈ ਮਾਣਿਓ ਰਾਮ ਰਘੁਵੰਸ ਕਹਾਇਓ॥**
**ਦੁਆਪੁਰਿ ਕ੍ਰਿਸ਼ਨ ਮੁਰਾਰਿ ਕੰਸ ਕਿਰਤਾਰਥ ਕੀਓ॥**
**ਉਗ੍ਰ ਸੈਣ ਕਉ ਰਾਜੁ ਅਭੈ ਭਗਤਹ ਜੰਨ ਦੀਓ॥**
**ਕਲਿਜੁਗ ਪ੍ਰਮਾਣੁ ਨਾਨਕ ਗੁਰ ਅੰਗਦ ਅਮਰ ਕਹਾਇਓ॥**
**ਸ੍ਰੀ ਗੁਰੂ ਰਾਜੁ ਅਬਿਚਲ ਅਟਲ ਆਦਿ ਪੁਰਖਿ ਫੁਰਮਾਇਓ॥**
(੧੩੯੮)

ਫੂਲਾਂ : ਹੁਣ ਤਾਂ ਕੋਈ ਕਸਰ ਨਹੀਂ ਰਹੀ। ਸਭ ਜੁਗਾਂ ਵਿਚ ਇੱਕੋ ਰੱਬੀ ਸ਼ਕਤੀ ਰਾਹ ਵਖਾਂਦੀ ਰਹੀ ਹੈ।

ਬੇਅੰਤ ਕੌਰ : ਬੀਬੀਓ! ਗ਼ੁੱਸਾ ਨਾ ਮਨਾਇਓ, ਤੁਸੀਂ ਸੰਗਤ ਵਿਚ ਆਇਓ, ਤੁਸੀਂ ਇਹ ਕੀ ਫੈਸ਼ਨ ਬਣਾ ਰਖਿਆ ਹੈ?

ਵੀਨਾ : ਤੁਸੀਂ ਫੈਸ਼ਨ ਦਾ ਅਰਥ ਨਹੀਂ ਸਮਝਦੇ? ਫੈਸ਼ਨ ਦਾ ਅਰਥ ਹੈ ਰੀਤੀ ਰਵਾਜ਼।

ਬੇਅੰਤ ਕੌਰ : ਮੈਂ ਉਹ ਤਾਂ ਸਮਝਦੀ ਹਾਂ, ਪਰ ਤੁਹਾਡੇ ਇਹ ਭੜਕਾਵੇ ਢੰਗ ਨੂੰ ਪਸੰਦ ਨਹੀਂ ਕਰਦੀ। ਤੁਸੀਂ ਆਪਣੇ ਨਵ੍ਹਾਂ ਵਲ ਵੇਖੋ, ਬੁਲ੍ਹਾਂ ਨੂੰ ਤੱਕੋ, ਭਰਵਟਿਆਂ ਵਲ ਨਿਗਾਹ ਮਾਰੋ। ਤੁਸੀਂ ਕੱਚੀਆਂ ਕੁਆਰੀਆਂ, ਤੁਹਾਨੂੰ ਫੈਸ਼ਨ ਕੀ ਆਖੇ।

ਲੀਲਾ ਵੰਤੀ : ਫੈਸ਼ਨ ਭਾਰਤੀ ਨਾਰੀ ਨੂੰ ਸੋਭਦਾ ਨਹੀਂ। ਭਾਵੇਂ ਹੋਵੇ ਵਿਆਹੀ, ਭਾਵੇਂ ਕੁਆਰੀ।

ਬੇਅੰਤ ਕੌਰ : ਪਰ ਕੁਆਰੀ ਨੂੰ ਤਾਂ ਭੁੱਲ ਕੇ ਵੀ ਫੈਸ਼ਨ ਦੇ ਲਾਗੇ ਲੰਘਣਾ ਨਹੀਂ ਚਾਹੀਦਾ।

ਸ਼ੀਲਾ : ਭੈਣ ਜੀਓ ਤੁਸੀਂ ਵੀ ਕਮਾਲ ਕਰਦੀਓ, ਸਾਰੀਆਂ ਸਾਨੂੰ ਝੂਠਾ ਕਰੀ ਜਾਂਦੀਆਂ ਹਨ, ਸ਼ੰਗਾਰ ਕਰਨਾ ਇਸਤਰੀ ਦਾ ਪੂਰਾ ਪੂਰਾ ਹੱਕ ਹੈ। ਅੱਜ ਮਾਡਰਨ ਕਰੀਮਾਂ ਤੇ ਪਾਲਿਸ਼ ਨਿਕਲ ਆਏ ਹਨ ਅੱਗੇ ਦੰਦਾਸੇ, ਮਹਿੰਦੀ ਤੇ ਸੁਰਮਾ ਸੀ।

ਫੂਲਾਂ : ਸ਼ੀਲਾ ਠੀਕ ਆਖਦੀ ਹੈ, ਨਵਾਂ ਯੁੱਗ, ਨਵਾਂ ਸ਼ੰਗਾਰ।

ਬੇਅੰਤ ਕੌਰ : ਤੁਸੀਂ ਕਾਲਿਜਾਂ ਸਕੂਲਾਂ ਵਿਚ ਪੜ੍ਹ ਰਹੀਆਂ ਹੋ ਜ਼ਰਾ ਵਿਚਾਰ ਨਾਲ ਗੱਲ ਕਰੋ। ਐਵੇਂ ਤਿਰੀਆ ਹਠ ਨਾ ਵਖਾਓ!

ਸ਼ੀਲਾ : ਤਿਰੀਆ ਹਠ ਕਾਹਦਾ?

ਬੇਅੰਤ ਕੌਰ : ਇਸਤਰੀ ਨੂੰ ਸ਼ੰਗਾਰ ਕੇਵਲ ਪਤੀ ਪ੍ਰਸੰਤਾਂ ਹਿਤ ਕਰਨਾ ਚਾਹੀਦਾ ਹੈ, ਦੂਜਿਆਂ ਦੇ ਵਖਾਵੇ ਵਾਸਤੇ ਨਹੀਂ। ਪਰ ਜਿਹੜੀ ਕੁੜੀ ਅਜੇ ਵਿਆਹੀ ਵੀ ਨਹੀਂ, ਉਸ ਨੂੰ ਇਹ ਰੰਗ ਕੀ ਆਖਣ।

ਫੂਲਾਂ : ਲਕੀਰ ਦੇ ਫ਼ਕੀਰ ਨਾ ਰਹੋ, ਮਾਡਰਨ ਬਣੋ।

ਬੇਅੰਤ ਕੌਰ : ਅਸੀਂ ਦੇਵੀਆਂ ਬਣਨਾ ਹੈ, ਮੇਮਾਂ ਨਹੀਂ। ਜੇ ਅਸੀਂ ਹਿੰਦੀ ਰਹਿਣਾ ਹੈ, ਜੇ ਸਿੱਖੀ ਕਾਇਮ ਰਖਣੀ ਹੈ, ਫਿਰ ਤਾਂ ਸਾਨੂੰ ਭਾਰਤੀ ਇਸਤਰੀ ਦਾ ਰੂਪ ਧਾਰਨ ਕਰਨਾ ਹੋਵੇਗਾ।

ਵੀਨਾ : ਉਹ ਕਿਵੇਂ?

ਬੇਅੰਤ ਕੌਰ : ਆਦਿ ਗ੍ਰੰਥ ਸਾਹਿਬ ਦੀ ਬਾਣੀ ਇਕ ਵਿਧਾਨ ਹੈ। ਉਸਦਾ ਹਵਾਲਾ ਈ ਠੀਕ ਹੈ।

ਵੀਨਾ : ਕੀ?

ਬੇਅੰਤ ਕੌਰ : **ਸਖੀ ਕਾਜਲ ਹਾਰ ਤੰਬੋਲ ਸਭੈ ਕਿਛ ਸਾਜਿਆ॥**
**ਸੋਲਾ ਕੀਏ ਸ਼ੰਗਾਰ ਕੇ ਅੰਜੇਨ ਪਾਜਿਆਂ॥**
**ਜੇ ਘਰ ਆਵੈ ਕੰਤ ਤਾਂ ਸਭੁ ਕਿਛੁ ਪਾਈਐ॥**
**ਹਰਿਹਾਂ ਕੰਤੈ ਬਾਝ ਸ਼ੰਗਾਰ ਸਭੁ ਬਿਰਥਾ ਜਾਈਏ॥**
(੧੩੯੨)

ਸ਼ੀਲਾ : ਲੇਡੀ ਪ੍ਰੋਫ਼ੈਸਰ ਕਦੀ ਨਹੀਂ ਦੱਸਿਆ ਤੇ ਨਾ ਕਦੇ ਡਵਿਨਟੀ ਵਾਲੀ ਭੈਣ ਨੇ।

ਬੇਅੰਤ ਕੌਰ : ਉਹ ਕੀ ਦੱਸਣ, ਉਨ੍ਹਾਂ ਦਾ ਹਿਸਾਬ ਏ, ਆਪ ਡੁੱਬਾ ਏ ਬਾਮਣਾ ਜਜਮਾਨ ਵੀ ਗਾਲੇ।

ਫੂਲਾਂ : ਇਹ ਸਭ ਰੂੜੀ ਮਤ; ਅੱਜ ਵਿਗਿਆਨ ਦਾ ਯੁੱਗ ਹੈ। ਔਰਤ ਜਾਗ ਰਹੀ ਹੈ। ਮਰਦ ਦੇ ਪਾਏ ਸੰਗਲ ਟੁੱਟ ਰਹੇ ਹਨ। ਉਹ ਇਸ ਨੂੰ ਪੈਰਾਂ ਦੀ ਜੁੱਤੀ ਸਮਝਦਾ ਸੀ।

ਬੇਅੰਤ ਕੌਰ : ਤੁਹਾਡਾ ਇਹ ਚਾਨਣ ਅੱਖੀਆਂ ਚੁੰਧਿਆ ਦੇਵੇਗਾ। ਤੁਹਾਡੀ ਨਜ਼ਰ ਪਾਟ ਜਾਵੇਗੀ। ਤੁਸੀਂ ਦਰ ਦਰ ਦੀਆਂ ਠੋਕਰਾਂ ਖਾਉਗੀਆਂ।

ਲੀਲਾ : ਬੀਬੀਓ! ਅੱਗੇ ਘਰ ਸਵਰਗ ਬਣੇ ਪਏ ਸਨ। ਇਸਤਰੀ ਘਰ ਦੀ ਰਾਣੀ ਸੀ। ਬੱਚੇ ਆਗਿਆਕਾਰੀ ਸਨ। ਪਤੀ ਪਤਨੀ ਖ਼ਾਤਰ ਜਾਨ ਤੇ ਖੇਡ ਜਾਂਦਾ ਸੀ। ਅੱਜ ਬਰਬਰਤਾ ਦਾ ਭੂਤ ਸਵਾਰ ਹੈ। ਘਰ ਘਰ ਇੱਟ ਖੜਕਾ ਵੱਜਦਾ ਹੈ। ਪਤੀ ਚੜ੍ਹਦੇ ਵਲ ਤਕਦਾ ਏ ਪਤਨੀ ਲਹਿੰਦੇ ਵਲ ਝਾਕਦੀ ਹੈ। ਪੈਰ ਪੈਰ ਤੇ ਅਜੋੜ ਏ। ਨਿੱਕੀ ਨਿੱਕੀ ਗੱਲ ਤੋਂ ਕਚਹਿਰੀ ਦੇ ਦਰਵਾਜ਼ੇ ਖੜਕਾਏ ਜਾਂਦੇ ਹਨ। ਇਸ ਰੋਸ਼ਨੀ ਵਿਚ ਸੱਪ ਠੂਹੇ ਪਲ ਰਹੇ ਹਨ।

ਸ਼ਕੁੰਤਲਾ : ਸਫਾਈਆਂ ਹੋ ਰਹੀ ਹੈ ਜਿਤਨੀ, ਦਿਲ ਹੋ ਰਹੇ ਏ ਮੈਲੇ
ਅੰਧੇਰਾ ਛਾ ਜਾਇਗਾ, ਗਰ ਯਹੀ ਰੌਸ਼ਨੀ ਰਹੇਗੀ।

ਵੀਨਾ : ਕੀ ਮਤਲਬ?

ਸ਼ਕੁੰਤਲਾ : ਇਸਤਰੀ ਦੇ ਚੁਲਬੁਲੇਪਨ ਕਾਰਨ ਮਰਦ ਵੀ ਮਨ ਮਰਜ਼ੀਆਂ ਕਰਨ ਲੱਗ ਪਏ ਹਨ। ਰਾਤਾਂ ਹੋਟਲਾਂ ਵਿਚ ਗੁਜ਼ਾਰਦੇ ਹਨ। ਅਲ੍ਹੜ ਕੁੜੀਆਂ ਦੇ ਜੀਵਨ ਬਰਬਾਦ ਕਰਦੇ ਹਨ। ਨੌਬਤ ਕਚਹਿਰੀ ਤੱਕ ਜਾਂਦੀ ਏ ਸਾਲ ਨਹੀਂ ਗੁਜ਼ਰਦਾ ਡਾਈਵੋਰਸ ਹੋ ਜਾਂਦਾ ਹੈ। ਇਹ ਕੋਈ ਜੀਵਨ ਹੈ? ਨਿਰੀ ਪਸ਼ੂ ਬਿਰਤੀ।

ਬੇਅੰਤ ਕੌਰ : ਅਸੀਂ ਇਹ ਨਹੀਂ ਕਹਿੰਦੀਆਂ ਕਿ ਤੁਸੀਂ ਪੜ੍ਹਾਈ ਨਾ ਕਰੋ। ਪੜ੍ਹਾਈ ਉੱਚੀ ਤੋਂ ਉੱਚੀ ਕਰੋ, ਪਰ ਭਾਰਤੀਅਤ ਦਾ ਬੋਲ ਬੋਲਾ ਵਧਾਓ। ਪੱਛਮ ਵਿਭਚਾਰ ਵਿਚ ਗੋਤੇ ਖਾ ਰਿਹਾ ਹੈ, ਉਸ ਦੀ ਰੀਸੇ ਭਾਰਤੀ ਦੇਵੀਆਂ ਵੀ ਡੁੱਬਣ ਲਈ ਕਾਹਲੀਆਂ ਪੈ ਰਹੀਆਂ ਹਨ।

ਸ਼ੀਲਾ : ਸਾਡਾ ਦਿਮਾਗ਼ ਖ਼ਰਾਬ ਹੋ ਰਿਹਾ ਹੈ?

ਬੇਅੰਤ ਕੌਰ : ਸੀਤਾ ਮਾਤਾ ਉਹ ਇਸਤਰੀ ਸੀ, ਜਿਹੜੀ ਰਾਵਣ ਦੀ ਕੈਦ ਵਿਚ ਵੀ, ਰਾਮ ਦਾ ਜਾਪ ਜਪਦੀ ਸੀ ਤੇ ਅਨੇਕ ਲਾਲਚਾਂ ਦੇ ਬਾਵਜੂਦ, ਆਪਣੇ ਸੱਤ ਨੂੰ ਕਾਇਮ ਰਖਿਆ ਸੀ। ਸਾਵਿਤਰੀ ਉਹ ਸ਼ਕਤੀ ਸੀ, ਜਿਹੜੀ ਯਮਰਾਜ ਪਾਸੋਂ ਆਪਣਾ ਪਤੀ ਲੈ ਆਈ ਸੀ ਤੇ ਖੁਸਿਆ ਰਾਜ ਪ੍ਰਾਪਤ ਕਰ ਲਿਆ ਸੀ।

ਵੀਨਾ : ਹੋਰ।

ਬੇਅੰਤ ਕੌਰ : ਪਦਮਣੀ ਉਹ ਰਾਜ ਪੂਤਨੀ ਸੀ, ਜਿਸਨੇ ਖ਼ਿਲਜੀ ਬਾਦਸ਼ਾਹ ਦੇ ਸਾਮ੍ਹਣੇ ਆਣ ਨਾਲੋਂ ਚੰਦਨ ਦੀ ਚਿਖਾ ਤਿਆਰ ਕਰ ਸਖੀਆਂ ਨਾਲ ਸੜ ਭਸਮ ਹੋਈ ਸੀ; ਮਾਤਾ ਭਾਗੋ ਉਹ ਸ਼ੇਰਨੀ ਸੀ ਜਿਸਨੇ ਬੁਜ਼ਦਿਲਾਂ ਨੂੰ ਉਤਸ਼ਾਹ ਦੇ ਕੇ, ਗੁਰੂ ਗੋਬਿੰਦ ਸਿੰਘ ਹਿਤ ਜੂਝਣ ਲਈ, ਝੰਡਾ ਫੜ ਆਪ ਅੱਗੇ ਤੁਰ ਪਈ ਸੀ; ਮਾਈ ਹੁਕਮਾਂ ਨੇ ਅੰਗ੍ਰੇਜ਼ਾਂ ਦੀਆਂ ਚਕਰੀਆਂ ਭਵਾਂ ਦਿੱਤੀਆਂ ਸਨ ਤੇ ਉਨ੍ਹਾਂ ਦੇ ਮੂੰਹਾਂ ਤੇ ਥੁਕਿਆ ਨਹੀਂ ਸੀ। ਤੁਸੀਂ ਵੀਰਾਂਗਣਾਂ ਦੇ ਪੈਰਾਂ ਤੇ ਚਲੋ, ਤੇ ਭੋਲੀ ਭਾਲੀਆਂ ਬੀਬੀਆਂ ਦੀ ਅਗਵਾਈ ਕਰੋ। ਇਹ ਨਾ ਹੋਵੇ ਕਿ ਦੀਵਾ ਹੱਥ ਵਿਚ ਹੋਵੇ ਤੇ ਠੋਕਰ ਖਾ ਮੂੰਹ ਮੱਥਾ ਭੰਨ ਲਵੋ।

ਸ਼ੀਲਾ : ਮਾਤਾਓ! ਅਸੀਂ ਹਾਰੀਆਂ ਤੁਸੀਂ ਜਿੱਤੀਆਂ। ਤੁਸੀਂ ਪੂਰਨੇ ਪਾ ਕੇ ਦੱਸੋ, ਅਸੀਂ ਉਨ੍ਹਾਂ ਪਰ ਉਂਗਲੀਆਂ ਫੇਰਾਂਗੀਆਂ।

ਲੀਲਾ : ਨਾਲੇ ਰੰਗ ਦੀ ਵਰਤੋਂ ਨਾ ਕਰੋ। ਨਾ ਚੁੰਨੀ ਨਾ ਸਲਵਾਰ ਸਾਦਾ ਖਾਓ ਤੇ ਸਾਦਾ ਲਾਓ!

ਵੀਨਾ : ਰੰਗਾਂ ਵਿਚ ਕੀ ਹੁੰਦਾ ਹੈ?

ਲੀਲਾ : ਰੰਗਾਂ ਵਿਚ ਸਭ ਕੁਝ ਹੁੰਦਾ ਹੈ। ਜਾਪਾਨ ਦੇ ਖੋਜੀਆਂ ਰੰਗਾਂ ਬਾਰੇ ਖੋਜ ਕੀਤੀ ਤੇ ਲਿਖਿਆ ਨੀਲੇ ਕੱਪੜੇ ਪਾਣ ਵਾਲੀਆਂ ਇਸਤਰੀਆਂ ਦਾ ਜੀਵਨ ਪੱਧਰ ਬਹੁਤ ਨੀਵਾਂ ਸੀ, ਹੋਰ ਰੰਗ ਵਾਲੀਆਂ ਬੀਬੀਆਂ ਦਾ ਚਰਿੱਤਰ, ਪਹਿਲੀਆਂ ਨਾਲੋਂ ਚੰਗੇਰਾ ਸੀ ਤੇ ਚਿੱਟੇ ਰੰਗ ਦੇ ਬਸਤਰਾਂ ਵਾਲੀਆਂ ਕੁੜੀਆਂ ਦਾ ਚਰਿੱਤਰ ਸਭਨਾਂ ਨਾਲੋਂ ਚੰਗਾ ਸੀ।

ਵੀਨਾ : ਕੁਝ ਸਮਝ ਨਹੀਂ ਆ ਰਹੀ।

ਲੀਲਾ : ਸਮਝ ਤੁਹਾਨੂੰ ਕੀ ਆਏ ਸੁਆਹ। ਨਾਵਲ ਪੜ੍ਹ ਪੜ੍ਹ ਤੁਹਾਡੀ ਮਤ ਟਿਕਾਣੇ ਤੋਂ ਹਿਲ ਗਈ ਏ। ਤੁਸੀਂ ਵੇਖ ਲਵੋ ਜਿਸ ਕੁੜੀ ਦੇ ਭੜਕੀਲੇ ਰੰਗ ਦੇ ਕੱਪੜੇ ਹੋਣ, ਉਸ ਵਲ ਬਦੋ ਬਦੀ ਨਜ਼ਰ ਜਾਂਦੀ ਹੈ, ਭਾਵੇਂ ਉਹ ਕਾਲੀ ਕਲੂਟੀ ਹੋਵੇ।

ਵੀਨਾ : ਮਾਤਾ, ਤੈਨੂੰ ਇਹ ਮਸਾਲਾਂ ਕਿੱਥੋਂ ਸੁੱਝਦੀਆਂ ਹਨ?

ਲੀਲਾ : ਬੀਬੀਓ ਹੋਰ ਸੁਣੋ। ਦੁਆਪਰ ਯੁੱਗ ਵਿਚ ਪਿਤਰਾਂ ਨਮਿੱਤ ਸੰਦੀਪਨ ਜੀ ਵੱਲੋਂ ਯੱਗ ਹੋ ਰਿਹਾ ਸੀ। ਸ੍ਰੀ ਸੰਦੀਪਨ ਜੀ ਤੇ ਭਗਵਾਨ ਕ੍ਰਿਸ਼ਨ ਜੀ, ਦਰਸ਼ਨ ਦੇ ਰਹੇ ਸਨ। ਪਿਤਰ ਆਏ ਪਰ ਯੱਗ ਤੋਂ ਬਾਹਰ ਖੜੇ ਰਹੇ। ਅੰਦਰ ਨਾ ਆਉਣਾ ਭਗਵਾਨ ਵੇਖਿਅ ਕਿ ਸਤਿਭਾਮਾ ਨੇ ਜਿਹੜੀ ਸਾੜ੍ਹੀ ਲਾਈ ਹੋਈ ਸੀ ਉਸ ਵਿਚ ਨੀਲਾ ਰੰਗ ਸੀ। ਭਗਵਾਨ ਨੇ ਉਨ੍ਹਾਂ ਵਲ ਇਸ਼ਾਰਾ ਕੀਤਾ। ਮਾਤਾ ਸਾੜ੍ਹੀ ਬਦਲ ਕੇ ਆਈ, ਤਦ ਦੇਵਤਿਆਂ ਪ੍ਰਵੇਸ਼ ਕੀਤਾ। ਨੀਲਾ ਰੰਗ ਹਰ ਧਰਮ ਦੇ ਕੰਮ ਵਿਚ ਵਿਘਨ ਪਾਂਦਾ ਹੈ।

ਸ਼ੀਲਾ : ਭੈਣ ਜੀ! ਨੇਲ ਪਾਲਿਸ਼ ਤੇ ਲਿਪਸਟਿਕ ਵਰਤਣੇ ਅਯੋਗਾ ਹਨ?

ਲੀਲਾ : ਇਹ ਤਾਂ ਤੁਸੀਂ ਸੁਣ ਹੀ ਲੀਤਾ ਏ ਕਿ ਸ਼ੰਗਾਰ ਕੇਵਲ ਵਿਆਹਤ ਇਸਤਰੀ ਵਾਸਤੇ ਹੈ, ਉਹ ਵੀ ਜਿਹੜੀ ਕੁਦਰਤੀ ਹੋਵੇ। ਪਰ ਅੱਜ-ਕੱਲ੍ਹ ਸ਼ੰਗਾਰ ਕਰਨ ਵਾਲੀਆਂ ਕਰੀਮਾਂ ਜਾਂ ਪਾਲਸ਼ਾਂ ਨੂੰ ਤਿਆਰ ਕਰਨ ਹਿਤ ਜਿਹੜੀ ਵਿਧੀ ਵਰਤੀ ਜਾਂਦੀ ਹੈ, ਉਹ ਸੁਣ ਕੇ ਰੂੰਗਟੇ ਖੜੇ ਹੋ ਜਾਂਦੇ ਹਨ। ਸ਼ੰਗਾਰ ਸੈਂਟਾਂ ਤੇ ਸ਼ੰਗਾਰ ਵਸਤੂਆਂ ਜਾਂ ਹੋਰ ਫੈਸ਼ਨੀ ਬਸਤਰਾਂ ਨੂੰ ਤਿਆਰ ਕਰਨ ਵਿਚ ਇਤਨਾਂ ਜ਼ੁਲਮ ਕੀਤਾ ਜਾਂਦਾ ਹੈ, ਇਤਨਾ ਅਤਿਆਚਾਰ ਹੁੰਦਾ ਹੈ ਕਿ ਸੁਣਨ ਵਾਲਾ ਮਨੁੱਖ ਬੌਂਦਲ ਜਾਂਦਾ ਹੈ।

ਫੂਲਾਂ : ਅਤਿਆਚਾਰ? ਕੀ ਅਤਿਆਚਾਰ?

ਲੀਲਾ : ਅੱਤ ਦਾ ਅਤਿਆਚਾਰ।

ਫੂਲਾਂ : ਕਿਵੇਂ?

ਲੀਲਾ : ਜ਼ਰਾ ਧਿਆਨ ਨਾਲ ਸੁਣੋ ਨੇਲ ਪਾਲਿਸ਼ ਲਿਪਸਟਿਕ

ਜਾਨਵਾਰਾਂ ਦੀ ਚਰਬੀ ਤੋਂ ਬਣਦੀ ਹੈ, ਜਿਸ ਨੂੰ ਬੁਰੀ ਤਰ੍ਹਾਂ ਕੋਹਿਆ ਜਾਂਦਾ ਹੈ।

ਬੇਅੰਤ ਕੌਰ : ਜਿਹੜੇ ਤੁਸੀਂ ਫਰਾਂ ਦੇ ਪਰਸ, ਤੇ ਵੱਡੇ ਲੋਕ ਫਰਾਂ ਦੀਆਂ ਟੋਪੀਆਂ ਪਾਈ ਫਿਰਦੇ ਹਨ, ਇਹ ਵੀ ਗਰਭਵਤੀ ਭੇਡਾਂ ਜਾਂ ਖ਼ਰਗੋਸ਼ਾਂ ਨੂੰ ਤਸੀਹੇ ਦੇ ਦੇ ਮਾਰ ਫਰਾਂ ਲਾਹੀਆਂ ਜਾਂਦੀਆਂ ਹਨ, ਇਸੇ ਤਰ੍ਹਾਂ ਸੱਪਾਂ ਦੀ ਖੱਲ ਉਤਾਰਨ ਵਾਸਤੇ ਉਨ੍ਹਾਂ ਨੂੰ ਜੀਉਂਦਿਆਂ ਪੱਛ ਕੇ ਕਿਲ ਠੋਕ ਕੇ ਕਈ ਦਿਨ ਸੁਕਾ ਸੁਕਾ ਉਨ੍ਹਾਂ ਦੀ ਖੱਲ ਉਤਾਰੀ ਜਾਂਦੀ ਏ। ਇਹ ਪਰਸ, ਜਾਂ ਟੋਪੀਆਂ ਜਾਂ ਹੋਰ ਕੀਮਤੀ ਵਸਤਾਂ ਦੇ ਰੂਪ ਵਿਚ ਵਿਕਦੇ ਹਨ। ਇਸ ਪਾਪ ਦੇ ਭਾਗੀ, ਮਾਰਣ ਵਾਲੇ, ਵਾਚਣ ਵਾਲੇ ਤੇ ਵਰਤਣ ਵਾਲੇ ਸਭ ਹਨ।

ਫੂਲਾਂ : ਹੇ ਰਾਮ, ਹੇ ਰਾਮ, ਹੇ ਰਾਮ! ਇੰਨਾ ਪਾਪ! ਇੰਨਾ ਅਤਿਆਚਾਰ, ਕੰਨਾਂ ਨੂੰ ਹੱਥ ਲਾਓ।

ਬੇਅੰਤ ਕੌਰ : ਬੀਬੀ! ਸਭ ਠੀਕ। ਤੁਸੀਂ ਸੰਸਾਰ ਤੇ ਜੋ ਉੱਪਦਰ, ਮਾਰ ਧਾੜ, ਭ੍ਰਿਸ਼ਟਾਚਾਰ ਵੇਖ ਰਹੇ ਹੋ ਸਭ ਹਿੰਸਕ ਵਿਹਾਰ ਕਾਰਨ ਹਨ।

ਲੀਲਾ : ਧੀ ਧਿਆਣੀਓ! ਅਸੀਂ ਰਾਮ ਰਾਜ ਦੀ ਆਸ ਲਈ ਬੈਠੇ ਹਾਂ, ਕਈ ਸਵਰਨ ਜੁਗ ਕਹਿੰਦੇ ਹਨ, ਪਰ ਇਹ ਸੁਪਨੇ ਤਦ ਹੀ ਪੂਰੇ ਹੋਣਗੇ ਜਦ ਸੰਸਾਰ ਤੋਂ ਹਿੰਸਾ ਘਟੇਗੀ।

ਬੇਅੰਤ ਕੌਰ : ਬੀਬੀਓ! ਮੇਰੇ ਵਲ ਕੰਨ ਕਰੋ। ਪੜ੍ਹਾਈ ਦੇ ਕੋਰਸਾਂ ਤੋਂ ਵੱਖ ਚੰਗੀਆਂ ਪੁਸਤਕਾਂ ਪੜ੍ਹਿਆ ਕਰੋ। ਚੰਗੀਆਂ ਪੁਸਤਕਾਂ ਵਧੀਆ ਸਹੇਲੀਆਂ ਹਨ।

ਫੂਲਾਂ : ਮੈਡਮ! ਮੈਨੂੰ ਤਾਂ ਨਾਵਲ ਬੜਾ ਪਸੰਦ ਹੈ। ਜਿਸ ਨੂੰ ਇਕ ਵੇਰ ਫੜ ਲਵਾਂ ਜਦ ਤਕ ਭੋਗ ਨਾ ਪੈ ਜਾਵੇ ਛੱਡਦੀ ਨਹੀਂ।

ਬੇਅੰਤ ਕੌਰ : ਤੁਸੀਂ ਜੰਮ ਜੰਮ ਪੁਸਤਕਾਂ ਪੜ੍ਹੋ, ਪਰ ਸਸਤੇ ਸਾਹਿਤ ਨੂੰ ਚਿਮਟੇ ਨਾਲ ਵੀ ਨਾ ਛੂਓ। ਉਹ ਸਪੂਲੀਏ ਨਿਆਈਂ ਡੰਗ ਮਾਰਦਾ ਏ।

ਫੂਲਾਂ : ਡੰਗ ਮਾਰਦਾ ਹੈ? ਮੈਂ ਤਾਂ ਕਈ ਵਾਰ ਪੜ੍ਹਦਿਆਂ ਪੜ੍ਹਦਿਆਂ ਰਾਤ ਦਾ ਇਕ ਵਜਾ ਦੇਂਦੀ ਹਾਂ।

ਬੇਅੰਤ ਕੌਰ : ਕੂੜੇ ਇਹ ਮਿੱਠਾ ਜ਼ਹਿਰ ਹੈ, ਜਿਹੜਾ ਹੱਡਾਂ ਨੂੰ ਗਾਲ ਦੇਂਦਾ ਹੈ।

ਵੀਨਾ : ਭੈਣੋਂ! ਨਵੀਂ ਰੋਸ਼ਨੀ ਨਵਾਂ ਯੁਗ।

ਬੇਅੰਤ ਕੌਰ : ਠੀਕ ਨਵਾਂ ਯੁਗ, ਨਵੀਆਂ ਫਾਹੀਆਂ, ਨਵੇ ਰੋਗ।

ਵੀਨਾ : ਐਵੇਂ ਨਾ ਡਰਾਈ ਜਾਓ। ਨਵੇਂ ਸਮਾਜ ਨਾਲ ਪੈਰ ਨਾਲ ਪੈਰ ਮਿਲਾ ਕੇ ਤੁਰਨਾ ਹੈ।

ਬੇਅੰਤ ਕੌਰ : ਬੀਬੀਓ! ਇਹ ਜੀਵਨ ਨਿਰੀ ਖੇਡ ਨਹੀਂ। ਕੋਈ ਤਮਾਸ਼ਾ ਨਹੀਂ ਕੋਈ ਲਕਸ਼ ਹੈ, ਕੇਵਲ ਮੌਜ ਮੇਲਾ ਨਹੀਂ। ਇਸਦਾ ਕੋਈ ਨਿਸ਼ਾਨਾ ਹੈ।

ਵੀਨਾ : ਕੀ?

ਬੇਅੰਤ ਕੌਰ : ਗਵਾਂਢੀ ਦਾ ਦੁੱਖ ਦੂਰ ਕਰਨਾ, ਬਿਮਾਰ ਦੀ ਸੇਵਾ ਕਰਨੀ, ਭੁੱਖੇ ਨੂੰ ਰੋਟੀ ਨੰਗੇ ਨੂੰ ਕੱਪੜਾ ਦੇਣਾ ਤੇ ਕਿਸੇ ਡਿੱਗੇ ਨੂੰ ਉਠਾਣਾ।

ਵੀਨਾ : ਮੈਂ ਤਾਂ ਕਹਿੰਦੀ ਆਂ ਖਾਓ, ਪੀਓ ਤੇ ਚਾਰ ਦਿਹਾੜੇ ਰੱਬ ਦੀ ਜੰਝ ਆਈ ਵਾਂਗੂੰ ਸੁੱਖ ਮਾਣੋ।

ਬੇਅੰਤ ਕੌਰ : ਜਿੰਨਾਂ ਖਾਦੀਆਂ ਗਾਜਰਾਂ, ਪੇਟ ਉਨ੍ਹਾਂ ਦੇ ਪੀੜ। ਮਿੱਠਾ ਖਾਣ ਨਾਲ ਰੋਗ ਉਪਜਦੇ ਹਨ ਖ਼ੂਨ ਖ਼ਰਾਬ ਹੁੰਦਾ ਹੈ। ਫੋੜੇ ਫਿਨਸੀਆਂ ਚੰਬੜ ਜਾਂਦੇ ਹਨ।

ਵੀਨਾ : ਚੰਗਾ ਭੈਣ; ਤੂੰ ਹੁਣ ਇਲਾਜ ਦਸ।

ਬੇਅੰਤ ਕੌਰ : ਇਲਾਜ ਹੈ। ਅਸ਼ਲੀਲ ਚਿੱਤਰਾਂ ਨਾਲੋਂ ਸਮਾਜ ਸੇਵਕਾਵਾਂ ਦੀਆਂ ਮੂਰਤਾਂ ਨਾਲ ਘਰਾਂ ਨੂੰ ਸ਼ਿੰਗਾਰੋ। ਵੀਰਾਂਗਣਾਂ ਦੇ ਕਰਦਾਰਾਂ ਨੂੰ ਧਿਆਨ ਹੇਠਾਂ ਰੱਖੋ। ਮੰਦ ਵਾਸਨਾਵਾਂ ਆਪੇ ਮਰ ਜਾਣਗੀਆਂ। ਸ਼ੁਭ ਇੱਛਾਵਾਂ ਥਾਂ ਮਲ ਲੈਣਗੀਆਂ।

ਵੀਨਾ : ਕੋਈ ਇਕ ਦੀ ਉਦਹਾਰਨ ਦੇ ਸਕਦੇ ਹੋ?

ਬੇਅੰਤ ਕੌਰ : ਕਿਉਂ ਨਹੀਂ। ਫਲਾਰੰਸ ਨਾਈਟਿੰਗ ਗੇਲ, ਮੈਡਲ ਕਿਉਰੀ, ਮਾਈ ਰਾਬਿਆ? ਇੰਦ ਕੌਰ, ਸਰੋਜਨੀ ਨੈਡੂ, ਮਦਰ ਟਰੇਸਾ, ਬੀਬੀ ਨਰਿੰਦਰ, ਇਹ ਦੇਵੀਆਂ ਹਨ ਜਿੰਨਾਂ ਤੇ ਵਿਸ਼ਵ ਮਾਣ ਕਰ ਸਕਦਾ ਹੈ। ਹੋਰ ਵੀ ਹਨ। ਜਿਹੜੀ ਨੀਲੇ ਅਕਾਸ਼ ਦੀ ਛੱਤ ਹੇਠਾਂ ਤਾਰਿਆਂ ਨਿਆਈ ਚਮਕ ਮਾਰ ਰਹੀਆਂ ਹਨ।

ਲੀਲਾ : ਸੁਣੋ ਨੀ ਮਾਂ ਲਡਿਲੀਓ, ਤੁਸੀਂ ਸਦਾ ਕਾਲਜ ਵਿਚ ਪੜ੍ਹਦੀਆਂ ਨਹੀਂ ਰਹਿਣਾ। ਗ੍ਰਿਸਤ ਵਿਚ ਪ੍ਰਵੇਸ਼ ਕਰਨਾ ਹੈ। ਦੋ ਗੱਲਾਂ ਪੱਲੇ ਬੰਨ੍ਹੋ, ਪਤੀ-ਬ੍ਰਤ ਧਰਮ ਤੇ ਸੰਤਾਨ ਨੂੰ ਧਰਮੀ ਤੇ ਬਲੀ ਬਣਾਉਣਾ।

ਵੀਨਾ : ਕੀ ਮਤਲਬ?

ਲੀਲਾ : ਮੈਨੂੰ ਬਹੁਤ ਮਗ਼ਜ ਮਾਰਨੀ ਨਹੀਂ ਆਉਂਦੀ ਤੁਸੀਂ ਮਹਾਤਮਾ ਤੁਲਸੀ ਜੀ ਨੂੰ ਸੁਣ ਲਵੋ:-

**ਜਨਨੀ ਜਣੇ ਤਾਂ ਭਗਤ ਜਨ ਕਹਿ ਦਾਤਾ ਕਹਿਸੂਰ॥**
**ਨਹੀਂ ਤਾਂ ਜਨਨੀ ਬਾਂਝ ਰਹੇ ਕਾਹੇ ਗਵਾਵੈ ਨੂਰ॥**

ਸਮੂੰਹਗਣ : ਅੱਜ ਦਾ ਦਿਨ ਭਾਗ ਭਰਿਆ ਚੜਿਆ ਹੈ ਜਿਸਨੇ ਹਨ੍ਹੇਰੇ ਵਿੱਚੋਂ ਕੱਢ ਲਟ ਲਟ ਪ੍ਰਕਾਸ਼ ਵਿਚ ਆ ਨਿਵਾਸ ਦਿੱਤਾ ਹੈ, ਹੁਣ ਠੇਡੇ ਨਹੀਂ ਲੱਗਣਗੇ, ਨੱਕ ਦੀ ਸੇਧੇ ਤੁਸੀਂ ਜਾਵਾਂਗੀਆਂ।

ਲੀਲਾ : ਆਓ ਜਾਂਦਿਆਂ ਜਾਂਦਿਆਂ ਭਗਵਾਨ ਨੂੰ ਯਾਦ ਕਰ ਕੇ ਵਿਦਾ ਹੋਈਏ।

**ਰੰਗ ਰੰਗ ਦੀ ਬਜਾਵੇ ਕਾਨ੍ਹ ਬੰਸਰੀ॥**
**ਨਾਲੇ ਕਾਨ੍ਹ ਗਊਆਂ ਚਾਰਦਾ॥**
**ਰੰਗ ਰੰਗ ਦੀ ਬਜਾਵੇ ਕਾਨ੍ਹ ਬੰਸਰੀ॥**
**ਨਾਲੇ ਕਾਨ੍ਹ ਗਊਆਂ ਚਾਰਦਾ॥**

# ਬਸੰਤ ਪੰਚਮੀ

ਪੰਡਿਤ ਗੋਪਾਲ : ਰਖੀ ਗੁਰੂ ਰਾਮ ਸਿੰਘ ਨੇ, ਨਹੀਂ ਤਾਂ ਖ਼ਾਲਸੇ ਦੀ ਰੀਤ ਮਿਟ ਜਾਂਦੀ।

ਸਾਰੇ ਪੜ੍ਹਦੇ ਹਨ : ਰਖੀ ਗੁਰੂ ਰਾਮ ਸਿੰਘ ਨੇ, ਨਹੀਂ ਤਾਂ ਖ਼ਾਲਸੇ ਦੀ ਰੀਤ ਮਿਟ ਜਾਂਦੀ।

ਪੰਡਿਤ ਜੀ : **ਧਾਰ ਕੇ ਮੂਰਤ ਹੈ ਜਗ ਆਇਆ॥**
**ਨਾਮ ਖਜ਼ਾਨੇ ਕਾ ਮੋਦੀ ਹੈ ਭਾਰੀ॥**
**ਨਾਮ ਕਾ ਦਾਨ ਜਹਾਨ ਕੋ ਦੇਕਰ॥**
**ਉੱਤਮ ਪੰਥ ਕੀਓ ਨਾਮਧਾਰੀ॥**
**ਰਖੀ ਗੁਰੂ ਰਾਮ ਸਿੰਘ ਨੇ.....**

ਕੁੰਦਨ ਸਿੰਘ : ਪੰਡਿਤ ਜੀ ਤੁਸੀਂ ਇਹ ਸਮਝਾਓ ਕਿ ਕੂਕੇ ਬਾਮ੍ਹਣਾਂ ਵਾਂਗੂੰ ਹਵਨ ਕਿਉਂ ਕਰਦੇ ਹਨ? ਘਿਓ ਕਿਉਂ ਫੂਕਦੇ ਹਨ? ਕਿਸੇ ਗ਼ਰੀਬ ਨੂੰ ਦੇਣ ਉਸਦੇ ਚਾਰ ਦਿਨ ਲੰਘ ਜਾਣ। ਉਸਦੇ ਬੱਚੇ ਅਸੀਸਾਂ ਦੇਣ।

ਪੰਡਿਤ ਜੀ : ਸੁਣੋ! ਹਵਨ ਆਦਿ ਕਾਲ ਤੋਂ ਟੁਰਿਆ ਆਉਂਦਾ ਹੈ।

ਕੁੰਦਨ ਸਿੰਘ : ਉਹ ਸਮਾਂ ਅਨ੍ਹੇਰੇ ਦਾ ਸੀ। ਅੱਜ ਲੋਕ ਐਨ-ਲਾਈਟਡ ਹਨ। (Enlightened)

ਪੰਡਿਤ ਜੀ : ਐਨਲਾਈਟਡ ਨਾ ਕਹੋ ਅਨਲਾਈਟਡ ਆਖੋ। (Unlightened)

ਕੁੰਦਨ ਸਿਘ : ਦੂਜੇ ਸਿੱਖ ਨਹੀਂ ਕਰਦੇ?

ਪੰਡਿਤ ਜੀ : ਉਨ੍ਹਾਂ ਤੇ ਅੰਗ੍ਰੇਜ਼ੀ ਵਿਦਿਆ ਦੇ ਵਧੇਰੇ ਪ੍ਰਭਾਵ ਹੈ ਉਨਾਂ ਨੂੰ ਭਾਰਤੀ ਸੰਸਕ੍ਰਿਤੀ ਤੋਂ ਹੀ ਚਿੜ ਹੈ। ਪਰ ਉਹ ਜਾਨਣ ਤੇ ਉਨ੍ਹਾਂ ਦਾ ਕੰਮ।

ਕੁੰਦਨ ਸਿੰਘ : ਕਦੇ ਗੁਰੂ ਸਾਹਿਬਾਨ ਦੇ ਸਮੇਂ ਹਵਨ ਹੋਏ ਸਨ?

ਪੰਡਿਤ ਜੀ : ਕਿਉਂ ਨਹੀਂ। ਸਭ ਗੁਰੂ ਸਾਹਿਬਾਨ ਦੇ ਸਮੇਂ ਹੋਏ ਗੁਰੂ ਜੀ ਦੇ ਵਿਆਹ ਬ੍ਰਾਹਮਣ ਰੀਤੀ ਅਨੁਸਾਰ ਹੋਏ। ਉਸ ਸਮੇਂ ਹਵਨ ਜ਼ਰੂਰ ਹੁੰਦੇ ਸਨ। ਵੇਦੀ ਗੱਡੀ ਜਾਂਦੀ ਸੀ। ਪਰ ਗੁਰੂ ਗੋਬਿੰਦ ਸਿੰਘ ਜੀ ਭਾਰਤੀਆਂ ਦੀ ਬਿਗੜੀ

ਹਾਲਤ ਨੂੰ ਠੀਕ ਕਰਨ ਤੇ ਉਨ੍ਹਾਂ ਦੇ ਅੰਦਰ ਨਵੀਂ ਰੂਹ ਫੂਕਣ ਖ਼ਾਤਰ, ਲੱਗਭਗ ਇਕ ਸਾਲ ਨੈਣਾਂ ਦੇਵੀ ਤੇ ਹਵਨ ਕੀਤਾ, ਜਿਸ ਵਿਚ ਉਸ ਸਮੇਂ ਦੇ ਹਿਸਾਬ ਨਾਲ ਕੋਈ ਸਵਾ ਲੱਖ ਰੁਪਏ ਦੀ ਸਾਮਿਗਰੀ ਖ਼ਰਚ ਕੀਤੀ ਗਈ ਜਿਹੜੀ ਅੱਜ ਦੇ ਹਿਸਾਬ ਕਰੋੜਾਂ ਤਕ ਪੁੱਜਦੀ ਹੈ।

ਕੁੰਦਨ ਸਿੰਘ : ਬੱਲੇ ਬੱਲੇ ਇੰਨਾਂ ਖ਼ਰਚਾ। ਮੰਨਣ ਵਿਚ ਨਹੀਂ ਆਉਂਦਾ।

ਪੰਡਿਤ ਜੀ : ਮੰਨਣਾ ਜਾਂ ਨਾ ਮੰਨਣਾ ਕਿਸੇ ਦੀ ਮਰਜ਼ੀ। ਗੁਰੂ ਜੀ ਇਸਦੇ ਅਨੇਕ ਲਾਭ ਦੱਸੇ ਹਨ। ਜਿਵੇਂ ਕਿ ਹਵਨ ਨਾਲ ਵਰਸ਼ਾ ਹੁੰਦੀ ਹੈ; ਬਿਮਾਰੀਆਂ ਘਟਦੀਆਂ ਹਨ, ਅਨੁਦਾਣਾ ਵਧੇਰੇ ਪੈਦਾ ਹੁੰਦਾ ਹੈ, ਭਾਗਵਾਨ ਬੱਚੇ ਪੈਦਾ ਹੁੰਦੇ ਹਨ। ਦੇਵਤੇ ਪ੍ਰਸੰਨ ਹੁੰਦੇ ਹਨ।

ਕਰਨੈਲ ਸਿੰਘ : ਬੜੀ ਹੈਰਾਨੀ ਦੀ ਗੱਲ ਹੈ, ਕਿ ਬਿਮਾਰੀਆਂ ਨਾਸ਼ ਹੁੰਦੀਆਂ ਹਨ। ਭਾਗਵਾਨ ਬੱਚੇ ਪੈਦਾ ਹੁੰਦੇ ਹਨ?

ਪੰਡਿਤ ਜੀ : ਭਾਰਤ ਦੇ ਹਰ ਸਿਧਾਂਤ ਪਿੱਛੇ ਡੂੰਘੀ ਫ਼ਿਲਾਸਫ਼ੀ ਹੈ।

ਕਰਨੈਲ ਸਿੰਘ : ਕੀ ਫ਼ਿਲਾਸਫ਼ੀ?

ਪੰਡਿਤ ਜੀ : ਇਕ ਤਾਂ ਦੇਵਤੇ ਪ੍ਰਸੰਨ ਹੁੰਦੇ ਹਨ, ਦੂਜੇ ਆਮ ਲੋਕਾਂ ਦੀ ਸਿਹਤ ਵਿਚ ਫ਼ਰਕ ਪੈਂਦਾ ਹੈ। ਸਿੰਘੋ! ਤੁਸੀਂ ਲਾਲ ਮਿਰਚ ਵੇਖੀ ਹੈ?

ਹਜ਼ੂਰ ਸਿੰਘ : ਕਿਉਂ ਨਹੀਂ, ਮੈਂ ਤਾਂ ਲੱਪ ਲੱਪ ਖਾ ਜਾਂਦਾ ਹਾਂ।

ਪੰਡਿਤ ਜੀ : ਤੂੰ ਲੱਪ ਦੀ ਗੱਲ ਛੱਡ। ਇਕ ਸੁੱਕੀ ਮਿਰਚ ਭਖਦੇ ਕੋਇਲਿਆਂ ਤੇ ਰਖ ਤੇ ਤਮਾਸ਼ਾ ਦੇਖ।

ਹਜ਼ੂਰ ਸਿੰਘ : ਸੁੱਕੀ ਮਿਰਚ ਅੱਗ ਤੇ?

ਪੰਡਿਤ ਜੀ : ਹਾਂ ਹਾਂ ਭਖਦਿਆਂ ਕੋਇਲਿਆਂ ਤੇ।

ਹਜ਼ੂਰ ਸਿੰਘ : ਵਾਹਿਗੁਰੂ, ਵਾਹਿਗੁਰੂ ਫੇਰ ਤਾਂ ਕੁਝ ਨਾ ਪੁੱਛੋ। ਗਲੀ ਗਵਾਂਢ ਵਿਚ ਭੜਥੂ ਪੈ ਜਾਵੇਗਾ। ਹਫੜਾ ਦਫੜੀ ਪੈ ਜਾਵੇਗੀ। ਸਭ ਪਾਸੀਂ ਛੀਂ ਛੀਂ ਛੀਂ ਮਚ ਜਾਵੇਗੀ।

ਪੰਡਿਤ ਜੀ : ਬਸ ਗੁਰੂ ਕੇ ਪਿਆਰਿਓ ਅਗਨੀ ਵਿਚ ਪਾਇਆ ਘਿਓ ਹਜ਼ਾਰਾਂ ਜੀਆਂ ਦੀਆਂ ਆਂਦਰਾਂ ਥਿੰਦੀਆਂ ਕਰਦਾ ਹੈ। ਹੁਣ ਤਾਂ ਸਾਇੰਸਦਾਨ ਵੀ ਮੰਨਣ ਲੱਗ ਪਏ ਹਨ ਕਿ ਹਵਨ ਕਰਨ ਨਾਲ ਬਿਮਾਰੀਆਂ ਦਾ ਭੋਗ ਪੈਂਦਾ ਹੈ ਕੀਟਾਣੂਆਂ ਦਾ ਨਾਸ਼ ਹੁੰਦਾ ਹੈ।

ਹਜ਼ੂਰ ਸਿੰਘ : ਚਲੋ ਤੁਹਾਡੀ ਇਹ ਗੱਲ ਮੰਨੀ, ਹਵਨ ਚੰਗੀ ਚੀਜ਼ ਹੈ, ਤੇ ਲਾਭਦਾਇਕ ਹੈ, ਪਰ ਤੁਸੀਂ ਪਰਿਵਾਰ ਸੰਮਜਮ ਨਾਲ ਸਹਿਮਤ ਕਿਉਂ ਨਹੀਂ?

ਪੰਡਿਤ ਜੀ : ਅਸੀਂ ਪਰਿਵਾਰ ਕਲਿਆਣ ਦੇ ਗ਼ੈਰ ਕੁਦਰਤੀ ਤਰੀਕਿਆਂ ਨਾਲ ਸਹਿਮਤ ਨਹੀਂ।

ਧਿਆਨ ਸਿੰਘ : ਤੁਸੀਂ ਡਾਕਟਰੀ ਤਰੀਕੇ ਪਸੰਦ ਨਹੀਂ ਕਰਦੇ?

ਪੰਡਿਤ ਜੀ : ਬਿਲਕੁਲ ਨਹੀਂ। ਸਭ ਤੋਂ ਉੱਤਮ ਢੰਗ ਬ੍ਰਹਮਚਰਜ ਹੈ।

ਧਿਆਨ ਸਿੰਘ : ਤੁਸੀਂ ਕੰਧਾਂ ਤੇ ਲੱਗੇ ਇਸ਼ਤਹਾਰ ਨਹੀਂ ਵੇਖਦੇ? ਟੀ.ਵੀ. ਤੇ ਵੀ ਪ੍ਰਚਾਰ ਕੀਤਾ ਜਾਂਦਾ ਹੈ ਇਹ ਵਾਧੂ ਖਰਚਾ ਹੈ?

ਪੰਡਿਤ ਜੀ : ਇਹ ਜੜ੍ਹ ਨੂੰ ਛਡ ਕੇ ਪ੍ਰਾਮਲਾਂ ਨਾਲ ਲਮਕਣ ਵਾਲੀ ਗੱਲ ਹੈ। ਇਨ੍ਹਾਂ ਨਾਲ ਸਰੀਰ ਵਿਗੜਦਾ ਹੈ ਵਿਭਚਾਰ ਵੱਧਦਾ ਹੈ; ਸੰਤਾਨ ਘਟੀਆ ਪੈਦਾ ਹੁੰਦੀ ਹੈ। ਬ੍ਰਹਮਚਰਜ ਬਿਨ ਰੇਤ ਦੇ ਕਿਲ੍ਹੇ ਉਸਰਦੇ ਹਨ।

ਧਿਆਨ ਸਿੰਘ : ਵੇਲੇ ਵੇਲੇ ਦਾ ਰਾਗ ਹੈ।

ਪੰਡਿਤ ਜੀ : ਮਨ ਹਾਥੀ ਨੂੰ ਕੁੰਡਾ ਮਾਰੋ, ਫਿਰ ਕੋਈ ਫੁਰਨਾਂ ਸਿਰ ਨਹੀਂ ਚੁੱਕ ਸਕਦਾ।

ਧਿਆਨ ਸਿੰਘ : ਪੱਛਮ ਦੇ ਵਹਿਣ ਵਿਚ ਵਾਘਾਂ ਢਿੱਲੀਆਂ ਹੁੰਦੀਆਂ ਜਾਂਦੀਆਂ ਹਨ।

ਪੰਡਿਤ ਜੀ :ਵਾਘਾਂ ਕੱਸੀ ਰੱਖੋ ਨਹੀਂ ਤਾਂ ਕੀ ਸਵਾਰ ਕੀ ਘੋੜਾ ਦੋਵੇਂ ਖਡ ਵਿਚ ਡਿੱਗ ਕੇ ਦਮ ਤੋੜ ਜਾਣਗੇ।

ਧਿਆਨ ਸਿੰਘ : ਸਾਇੰਸ ਦਾ ਯੁਗ ਹੈ, ਹਰ ਗੱਲ ਸਾਇੰਟੇਫਿਕ ਢੰਗ ਨਾਲ ਸੋਚੀ ਜਾਂਦੀ ਹੈ।

ਪੰਡਿਤ ਜੀ : ਸਵਾਹ ਸੋਚੀ ਜਾਂਦੀ ਹੈ। ਇਕ ਪਾਸੇ ਸੰਤਾਨ ਸੰਜਮ ਵਾਸਤੇ ਕਰੋੜਾਂ ਰੁਪਏ ਖ਼ਰਚ ਕੀਤੇ ਜਾਂਦੇ ਹਨ। ਕਈ ਜੋੜਿਆਂ ਦੀਆਂ ਜਾਨਾਂ ਚਲੀਆਂ ਗਈਆਂ ਹਨ, ਦੂਜੇ ਪਾਸੇ, ਮਛਲੀਆਂ ਪਾਲਣ, ਪੋਲਟਰੀ ਫ਼ਾਰਮਾਂ ਨੂੰ ਉਤਸਾਹ ਮਿਲ ਰਿਹਾ ਹੈ। ਇਕ ਪਾਸੇ ਅੱਗ ਤੇ ਤੇਲ ਪਾਇਆ ਜਾਂਦਾ ਹੈ, ਦੂਜੇ ਪਾਸੇ ਅੱਗ ਤੇ ਕਾਬੂ ਪਾਣ ਲਈ ਫ਼ਾਇਰ ਬ੍ਰਗੇਡ ਬੁਲਾਏ ਜਾਂਦੇ ਹਨ।

ਧਿਆਨ ਸਿੰਘ : ਮਹਾਤਮਾ ਜੀ1 ਤੁਹਾਡੇ ਗੁਰ ਪੁਰਾਣੇ ਹਨ। ਸਮੇਂ ਨਾਲ ਮੇਲ ਨਹੀਂ ਖਾਂਦੇ।

ਪੰਡਿਤ ਜੀ : ਜਿਹੜੇ ਹਿਮਾਲੇ ਲਾਗੇ ਰਹਿੰਦੇ ਹਨ, ਠੰਡ ਦੀਆਂ ਬਹਾਰਾਂ ਵੀ ਉਹੋ ਮਾਣਦੇ ਹਨ। ਗ਼ੈਰ ਕੁਦਰਤੀ ਸਾਧਨ ਕ੍ਰੋਧ ਦੀ ਜਵਾਲਾ ਹੈ; ਤਾਮਸੀ ਦੀ ਸਿਖਰਤਾ ਹੈ; ਉਜਡਤਾ ਦਾ ਮਹਿਲ ਹੈ। ਇਸ ਦੇ ਵਿਪਰੀਤ ਬ੍ਰਹਮਚਰਜ ਖੇੜਾ ਹੈ; ਚਿਹਰਾ ਗੁਲਾਬ ਦੇ ਫੁੱਲ ਵਾਂਗੂੰ ਰਹਿੰਦਾ ਹੈ; ਮਨ ਬਲਵਾਨ ਬਣਦਾ ਹੈ; ਰੋਗ ਹਮਲਾ ਨਹੀਂ ਕਰ ਸਕਦੇ; ਬੁਢੇਪਾ ਜਿੱਤਿਆ ਜਾਂਦਾ ਹੈ; ਚੇਤਨਤਾ ਕਾਇਮ ਰਹਿੰਦੀ ਹੈ; ਨੇਤਰਾਂ ਦੀ ਜੋਤ ਨਰਮ ਨਹੀਂ ਹੁੰਦੀ, ਸਦਾ ਚੜ੍ਹਦੀਆਂ ਕਲਾਂ ਵਿਚ ਰਹਿੰਦਾ ਹੈ। ਮਹਾਤਮਾ ਗਾਂਧੀ ਵੀ ਆਖਿਆ ਕਰਦੇ ਸਨ। Self control, is the best control ਆਪਣੇ ਆਪ ਤੇ ਕਾਬੂ ਵਧੀਆ ਢੰਗ ਹੈ।

ਧਿਆਨ ਸਿੰਘ : ਹੈ ਤਾਂ ਚੰਗਾ, ਪਰ ਜੇ ਸਮੇਂ ਦੀ ਮਾਰ ਤੋਂ ਬਚਿਆ ਰਹੇ।

ਪੰਡਿਤ ਜੀ : ਇਸਤਰੀ ਬ੍ਰਤ ਧਰਮ, ਤੇ ਪਤੀ ਬ੍ਰਤ ਧਰਮ ਇਸ ਮਹਲ ਦੇ ਦੋ ਵੱਡੇ ਥਮ੍ਹ ਹਨ। ਧਰਮ ਰਖਿਅਕ, ਹਿੰਦ ਦੀ ਚਾਦਰ ਗੁਰੂ ਤੇਗ਼ ਬਹਾਦਰ ਜੀ ਆਪਣੇ ਲਾਡਲੇ ਗੋਬਿੰਦ ਰਾਏ ਦੇ ਸੀਸ ਤੇ ਹੱਥ ਰਖ ਆਖਿਆ ਕਰਦੇ ਸਨ, ਜਿਨ੍ਹਾਂ ਦੇ ਪਵਿੱਤਰ ਸ਼ਬਦਾਂ ਨੂੰ ਗੁਰੂ ਜੀ ਨੇ ਇਉਂ ਕਲਮ ਬੰਦ ਕੀਤਾ ਹੈ:-

**ਸੁਧ ਜਾਬ ਹਮਧਰੀ, ਬਚਨ ਗੁਰ ਦਏ ਹਮਾਰੇ॥**
**ਪੂਤ ਇਹੈ ਪ੍ਰਨ ਤੋਹਿ, ਪ੍ਰਾਨ ਜਬ ਲਗ ਘਟ ਥਾਰੇ॥**
**ਨਿਜ ਨਾਰੀ ਕੇ ਸੰਗ ਨੇਹ ਨਿਤ ਬਢੈਯਹੋ॥**
**ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜਯਹੋ॥**

ਸਾਰੇ ਕਾਲਜੀਏਟ : ਤੁਹਾਡੀਆਂ ਗੱਲਾਂ ਬਹੁਤ ਕੀਮਤੀ ਹਨ। ਲਾਲਾਂ ਸਮਾਨ ਹਨ, ਤੁਹਾਡਾ ਬਹੁਤ ਬਹੁਤ ਧੰਨਵਾਦ।

ਜੀਵਨ ਸਿੰਘ : ਲੈ ਭਾਈ ਮੈਨੂੰ ਅੱਗੇ ਹੋਣ ਦਿਓ, ਮੈਂ ਵੀ ਇਕ ਸ਼ੰਕਾ ਕੱਢ ਲਵਾਂ।

ਧਿਆਨ ਸਿੰਘ : ਲੈ ਭਈ ਤੂੰ ਵੀ ਅੱਗੇ ਆ ਤੈਨੂੰ ਕੀ ਸ਼ੰਕਾ ਹੈ।

ਜੀਵਨ ਸਿੰਘ : ਪੰਡਿਤ ਜੀ! ਤੁਸੀਂ ਮੈਨੂੰ ਇਹ ਸਮਝਾਓ ਕਿ ਕੂਕੇ ਥਾਲੀ ਧੋ ਕੇ ਕਿਉਂ ਪੀਂਦੇ ਹਨ? ਮੈਨੂੰ ਬੜਾ ਗਲੀਜ਼ ਜਾਪਦਾ ਹੈ।

ਪੰਡਿਤ ਜੀ : ਇਹ ਗਲੀਜ਼?

ਸਭ : ਵਾਕਈ ਠੀਕ ਏ। ਜੀਵਨ ਵਾਲਾ ਸ਼ੰਕਾ ਸਾਨੂੰ ਵੀ ਬੜਾ

ਰੜਕਦਾ ਏ। ਇਸ ਸਮੇਂ ਇਹ ਪਾਗ਼ਲਪਨ ਹੈ।

ਪੰਡਿਤ ਜੀ : ਪਾਗ਼ਲਪਨ? ਤੁਹਾਡੀ ਅਕਲ ਖੇਤ ਚਰਨ ਗਈ ਹੋਈ ਹੈ। ਜ਼ਰਾ ਜ਼ਬਾਨ ਨੂੰ ਲਗਾਮ ਦੇ ਕੇ ਰਖੋ। ਸੋਚ ਸਮਝ ਕੇ ਗੱਲ ਕਰੋ।

ਜੀਵਨ ਸਿੰਘ : ਅਸੀਂ ਜਦ ਤੁਹਾਨੂੰ ਥਾਲੀ ਧੋ ਕੇ ਪੀਂਦੇ ਵੇਖਦੇ ਹਾਂ ਤਾਂ ਜੀਅ ਮੁਤਲਾਣ ਲੱਗ ਪੈਂਦਾ ਹੈ, ਕਿ ਇਹ ਕੀ ਪਾਗ਼ਲਪਨ ਨਹੀਂ?

ਪੰਡਿਤ ਜੀ : ਤੁਹਾਡੀ ਪਾਗ਼ਲਪਨ ਵਾਲੀ ਗੱਲ ਵੀ ਠੀਕ ਹੈ, ਸੰਤ ਨਿਧਾਨ ਸਿੰਘ ਆਲਿਮ ਆਖਿਆ ਕਰਦੇ ਸਨ ਕਿ ਪਾਗ਼ਲ ਦਾ ਅਰਥ ਹੈ ਪਾ+ਗਲ। ਜਿਸ ਨੇ ਗਲ ਨੂੰ ਪਾ ਲਿਆ ਹੋਵੇ, ਭਾਵ ਸਮਝਦਾਰ। ਕੂਕੇ ਠੀਕ ਪਾਗ਼ਲ ਹਨ, ਤੁਸੀਂ ਭੋਲੇ ਓ ਇਸ ਦੇ ਲਾਭ ਨਹੀਂ ਜਾਣੇ।

ਕਾਲਜੀਏਟ : ਲਾਭ? ਖਾਕ?

ਪੰਡਿਤ ਜੀ : ਧਿਆਨ ਮੇਰੇ ਵਲ ਕਰੋ। ਇਸ ਢੰਗ ਨਾਲ ਇਕ ਤਾਂ ਅੰਨ ਦਾ ਸਤਿਕਾਰ ਹੁੰਦਾ ਹੈ। ਮਹਾਂਪੁਰਖ ਕਹਿੰਦੇ ਹਨ, ਜਿੱਥੇ ਅੰਨ ਦਾ ਸਤਿਕਾਰ ਹੈ, ਉੱਥੇ ਭੁੱਖਮਰੀ ਨਹੀਂ ਵਾਪਰ ਸਕਦੀ। ਸਤਿਗੁਰੂ ਰਾਮ ਸਿੰਘ ਜੀ ਦਾ ਫ਼ੁਰਮਾਨ ਹੈ ਕਿ ਜਿਹੜੇ ਪ੍ਰਾਣੀ ਥਾਲੀ ਧੋ ਕੇ ਪੀਂਦੇ ਹਨ, ਉਨ੍ਹਾਂ ਨੂੰ ਅੰਨ ਦੀ ਕਦੇ ਥੁੜ ਨਹੀਂ ਆਵੇਗੀ ਭਾਵੇਂ ਉਹ ਮੋਤੀਆਂ ਦੇ ਭਾ ਵਿਕਣ।

ਜਗਦੀਸ਼ ਸਿੰਘ : ਮਨ ਨਹੀਂ ਮੰਨਦਾ।

ਪੰਡਿਤ ਜੀ : ਵੇਖੋ! ਇਹ ਮਰਯਾਦਾ ਸ੍ਰੀ ਭੈਣੀ ਸਾਹਿਬੋਂ ਟੁਰੀ। ਤੁਸੀਂ ਵੇਖ ਸਕਦੇ ਹੋ, ਕਿ ਇਸ ਮਹਿੰਗਾਈ ਸਮੇਂ, ਇੱਥੋਂ ਲੋੜਵੰਦਾਂ ਨੂੰ 24 ਘੰਟੇ ਪ੍ਰਸ਼ਾਦਾ ਮਿਲਦਾ ਹੈ, ਕਿਸੇ ਨੂੰ ਰੋਕ ਨਹੀਂ।

ਜਗਦੀਸ਼ ਸਿੰਘ : ਸ੍ਰੀ ਭੈਣੀ ਸਾਹਿਬ? ਕਿੱਥੇ?

ਪੰਡਿਤ ਜੀ : ਤੁਸੀਂ ਸ੍ਰੀ ਭੈਣੀ ਸਾਹਿਬ ਨਹੀਂ ਜਾਣਦੇ? ਤੁਸੀਂ ਕੀ ਭੂਗੋਲ ਤੇ ਇਤਿਹਾਸ ਪੜ੍ਹਿਆ ਹੈ?

ਸਾਰੇ : ਅਸੀਂ ਨਹੀਂ ਸੁਣਿਆ।

ਪੰਡਿਤ ਜੀ : ਇਹ ਲੁਧਿਆਣੇ ਜ਼ਿਲ੍ਹੇ ਦਾ ਉਹ ਮਹਾਨ ਨਗਰ ਹੈ ਜਿੱਥੋਂ ਆਜ਼ਾਦੀ ਦੀ ਕੂਕ ਉੱਠੀ। ਉਸ ਸਵਸੰਤਰਤਾ ਦੇ ਬਿਗਲ ਨੇ ਲੰਡਨ ਦੀਆਂ ਕੰਧਾਂ ਕੰਬਾ ਦਿੱਤੀਆਂ। ਉੱਥੋਂ

ਲਗਾਤਾਰ ਲੰਗਰ ਚਲ ਰਿਹਾ ਹੈ। ਉੱਥੇ ਦੇਸੀ ਘਿਓ ਨਾਲ ਪ੍ਰਸ਼ਾਦੇ ਚੋਪੜੇ ਜਾਂਦੇ ਹਨ। ਕਈ ਵੇਰ ਤ੍ਰਿਭੋਲੇ ਦਾ ਕੜਾਹ ਪ੍ਰਸ਼ਾਦ ਵੀ ਮਿਲਦਾ ਹੈ। ਇਸ ਤੋਂ ਵੱਧ ਕੀ ਸਬੂਤ ਹੋ ਸਕਦਾ ਹੈ।

ਕਰਨੈਲ ਸਿੰਘ : ਪੰਡਿਤ ਜੀ! ਤੁਸੀਂ ਤਾਂ ਅਨੋਖੀ ਜਾਣਕਾਰੀ ਦਿੱਤੀ ਹੈ। ਕਦੇ ਸੁਣੀ ਨਾ ਤੱਕੀ।

ਪੰਡਿਤ ਜੀ : ਵਿਦਿਆਰਥੀਓ! ਉੱਥੇ ਤਾਂ ਬਨਾਸਪਤੀ ਆਦਿ ਵਰਤਣ ਦੀ ਆਗਿਆ ਨਹੀਂ ਜਿਹੜੀ ਤੁਸੀਂ ਥਾਲੀ ਧੋ ਕੇ ਪੀਣ ਸ਼ੰਕਾ ਕੀਤੀ ਹੈ, ਉਸ ਵਿਚ ਡੂੰਘਾਂ ਰਾਜ਼ ਛੁਪਿਆ ਹੈ।

ਕਰਨੈਲ ਸਿੰਘ : ਕੀ ਰਾਜ਼?

ਪੰਡਿਤ ਜੀ : ਇਕ ਤਾਂ ਅੰਨ ਜਾਇਆ ਨਹੀਂ ਜਾਂਦਾ। ਖਾਣ ਵਾਲਾ ਪਹਿਲਾਂ ਈ ਧਿਆਨ ਰੱਖਦਾ ਹੈ। ਘੱਟ ਖਾਣ ਵਾਲਾ ਸਦਾ ਅਰੋਗ ਰਹਿੰਦਾ ਹੈ। ਜਿੰਨੀਆਂ ਬਿਮਾਰੀਆਂ ਪੈਦਾ ਹੁੰਦੀਆਂ ਹਨ, ਸਭ ਲੋੜ ਨਾਲੋਂ ਵੱਧ ਖਾਣ ਕਾਰਨ ਹੁੰਦੀਆਂ ਹਨ। ਦੂਜਾ ਕੌਮੀ ਬਚਨ ਹੈ।

ਕਰਨੈਲ ਸਿੰਘ : ਕੌਮੀ ਬਚਨ?

ਪੰਡਿਤ ਜੀ : ਤੁਸੀਂ ਹਿਸਾਬਦਾਨ ਹੋ, ਫੜੋ ਕਾਗ਼ਜ਼ ਪੈਨਸਿਲ।

ਕਰਨੈਲ ਸਿੰਘ : ਕਾਗ਼ਜ਼ ਪੈਨਸਿਲ?

ਪੰਡਿਤ ਜੀ : ਹਾਂ ਹਾਂ, ਕਾਗ਼ਜ਼ ਪੈਨਸਿਲ।

ਕਰਨੈਲ ਸਿੰਘ : ਹਾਂ ਬੋਲੋ ਜੀ।

ਪੰਡਿਤ ਜੀ : ਜੇ ਇਕ ਵਿਅਕਤੀ ਇਕ ਵੇਰ ਥਾਲੀ ਵਿਚ ਇਕ ਤੋਲਾ ਅੰਨ ਛੱਡੇ ਤਾਂ ਇਕ ਤੋਲਾ ਅੰਨ ਜ਼ਾਇਆ ਗਿਆ, ਹਾਲਾਂਕਿ ਕਈ ਤਾਂ ਪੂਰਾ ਖਾਣ ਨੂੰ ਸਭਿਅਤਾਹੀਨ ਸਮਝਦੇ ਹਨ। ਇਸੇ ਤਰ੍ਹਾਂ ਦੋ ਵੇਲਿਆਂ ਵਿਚ ਦੋ ਤੋਲੇ ਅੰਨ ਬੇਅਰਥ ਗਿਆ। ਚਲੋ ਦੋ ਨਾ ਸਹੀ ਇਕ ਈ ਮੰਨ ਲਿਆ ਜਾਵੇ ਤਾਂ 40 ਪੁਰਸ਼ਾਂ 40 ਤੋਲੇ ਅੰਨ ਖ਼ਰਾਬ ਕੀਤਾ। ਆਮ ਤੌਰ ਤੇ ਵੇਖਿਆ ਜਾਂਦਾ ਹੈ, ਕਿ ਔਸਤਨ ਇਕ ਆਦਮੀ ਇਕ ਦਿਨ ਵਿਚ 40 ਤੋਲੇ ਅੰਨ ਖਾਂਦਾ ਹੈ। ਇਸ ਦਾ ਮਤਲਬ ਇਹ ਹੋਇਆ ਕਿ 40 ਆਦਮੀ ਇਕ ਆਦਮੀ ਦਾ ਹਿੱਸਾ ਨਸ਼ਟ ਕਰ ਦੇਂਦੇ ਹਨ।

ਕਰਨੈਲ ਸਿੰਘ : ਹਿਸਾਬ ਤਾਂ ਇਹੋ ਬੋਲਦਾ ਹਾਂ।

ਪੰਡਿਤ ਜੀ : ਇਸ ਤਰ੍ਹਾਂ 40 ਕਰੋੜ ਪੁਰਸ਼ ਇਕ ਕਰੋੜ ਦਾ ਭੋਜਨ ਖ਼ਰਾਬ ਕਰ ਗਏ। ਭਾਵ ਇਕ ਪ੍ਰਾਣੀ 1/40 ਪੁਰਸ਼ ਦਾ ਹਿੱਸਾ ਖਾ ਜਾਂਦਾ ਹੈ। ਜੇ ਮੰਨ ਲਿਆ ਜਾਏ ਕਿ ਵਿਸ਼ਵ ਭਰ ਦੀ ਜਨਸੰਖਿਆ 4 ਅਰਬ ਹੈ ਤਾਂ ਉਸ ਦਾ 1/40 ਕੱਢੋ।

ਕਰਨੈਲ ਸਿੰਘ : ਇਹ ਤਾਂ ਦਸ ਕਰੋੜ ਬਣ ਗਿਆ।

ਪੰਡਿਤ ਜੀ : ਹੁਣ ਤੁਸੀਂ ਆਪ ਹੀ ਸੋਚ ਲਵੋ ਕਿ ਥਾਲੀ ਧੋ ਕੇ ਪੀਣ ਦੇ ਕੀ ਲਾਭ ਹਨ।

ਇਕ ਸ੍ਰੋਤਾ : ਪੰਡਿਤ ਜੀ, ਤੁਸੀਂ ਸਾਨੂੰ ਬਹੁਤ ਚੰਗੀਆਂ ਚੰਗੀਆਂ ਗੱਲਾਂ ਦੱਸੀਆਂ ਹਨ। ਇਕ ਅਰਜ਼ ਹੈ!

ਪੰਡਿਤ ਜੀ : ਦੱਸੋ।

ਸ੍ਰੋਤਾ : ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜੀਊਂਦੇ ਹੋਣ ਬਾਬਤ ਵੀ ਕੁਝ ਜਾਣਕਾਰੀ ਦਿਓ।

ਪੰਡਿਤ ਜੀ : ਤੁਸੀਂ ਬੜਾ ਚੰਗਾ ਸੁਆਲ ਕੀਤਾ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਮਰਗੋਈ ਵਿਖੇ ਗੁਜ਼ਰ ਜਾਣ ਦੀ ਖ਼ਬਰ ਅੰਗਰੇਜ਼ੀ ਸਰਕਾਰ ਨੇ ਜਾਣ ਬੁੱਝ ਕੇ, ਖ਼ਾਸ ਮਤਲਬ ਨੂੰ ਪੂਰਿਆਂ ਕਰਨ ਲਈ ਦਿੱਤੀ ਸੀ।

ਸ੍ਰੋਤਾ : ਪੰਡਿਤ ਜੀ, ਜ਼ਰਾ ਵੇਰਵੇ ਨਾਲ ਦੱਸਣ ਦੀ ਕਿਰਪਾ ਕਰੋ।

ਪੰਡਿਤ ਜੀ : ਹਾਂ, ਮੈਂ ਉਹ ਦਸ ਰਿਹਾ ਹਾਂ, ਤੁਸੀਂ ਸਭ ਜਾਣਦੇ ਹੀ ਹੋ ਕਿ ਬਰਮਾਂ ਦੀ ਬ੍ਰਿਟਿਸ਼ ਸਰਕਾਰ ਨੇ ਭਾਰਤ ਸਰਕਾਰ ਨੂੰ ਦੱਸਿਆ ਸੀ ਕਿ 29 ਨਵੰਬਰ, 1885 ਨੂੰ ਸ੍ਰੀ ਗੁਰੂ ਰਾਮ ਸਿੰਘ ਜੀ ਚੜ੍ਹਾਈ ਕਰ ਗਏ ਸਨ।

ਸ੍ਰੋਤੇ : ਜੀ।

ਪੰਡਿਤ ਜੀ : ਇਸ ਖ਼ਬਰ ਦੇ ਪੰਜਾਬ ਪੁੱਜਦਿਆਂ ਹੀ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਇਸ ਤੇ ਯਕੀਨ ਕਰਨ ਤੋਂ ਨਾਂਹ ਕਰ ਦਿੱਤੀ ਸੀ। ਬਾਅਦ ਵਿਚ ਜੋ ਬਸਤ੍ਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਕਹਿ ਕੇ ਸਰਕਾਰ ਨੇ ਸ੍ਰੀ ਭੈਣੀ ਸਾਹਿਬ ਭੇਜੇ ਸਨ, ਉਹ ਗੁਰੂ ਹਰੀ ਸਿੰਘ ਜੀ ਨੂੰ ਵੀ ਪੂਰਿਆਂ ਨਹੀਂ ਸਨ ਆਉਂਦੇ। ਗੁਰੂ ਰਾਮ ਸਿੰਘ ਜੀ ਦਾ ਸਰੀਰ ਗੁਰੂ ਰਹੀ ਸਿਘ ਜੀ ਤੋਂ ਉੱਚਾ ਸੀ। ਇਸ ਲਈ ਇਹ ਕਿਵੇਂ ਹੋ ਸਕਦਾ ਸੀ ਕਿ ਬਸਤ੍ਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੋਣ, ਅਤੇ ਉਹ ਗੁਰੂ ਹਰੀ ਸਿੰਘ ਜੀ ਨੂੰ

ਵੀ ਪੂਰਿਆਂ ਨਾ ਔਂਦੇ। ਬਸ ਉਸੇ ਵਕਤ ਗੁਰੂ ਹਰੀ ਸਿੰਘ ਜੀ ਨੇ ਐਲਾਨ ਕਰ ਦਿੱਤਾ ਕਿ ਚੀਨੀ ਵਾਲੇ ਪਾਤਸ਼ਾਹ ਦੇ ਇਹ ਬਸਤ੍ਰ ਨਹੀਂ ਹਨ ਅਤੇ ਸ੍ਰੀ ਸਤਿਗੁਰੂ ਜੀ ਦੇਹ ਕਰ ਕੇ ਜੀਉਂਦੇ ਹਨ। ਅੰਗਰੇਜ਼ਾਂ ਨੇ ਉਨ੍ਹਾਂ ਨੂੰ ਕਿਤੇ ਹੋਰ ਭੇਜ ਦਿੱਤਾ ਹੈ। ਇਸ ਦੇ ਨਾਲ ਨਾਲ ਗੁਰੂ ਹਰੀ ਸਿੰਘ ਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਗੁਟਕਾ ਅਤੇ ਗੜਵੇ ਦੀ ਮੰਗ ਕੀਤੀ, ਜੋ ਸਰਕਾਰ ਪੂਰੀ ਨਾ ਕਰ ਸਕੀ।

ਸ੍ਰੋਤਾ : ਹੋਰ ਵੀ ਕੁਝ ਪ੍ਰਮਾਣ ਮਿਲਣ ਬਾਰੇ ਪਤਾ ਲੱਗਾ ਹੈ?

ਪੰਡਿਤ ਜੀ : ਤੁਸੀਂ ਠੀਕ ਆਖਦੇ ਹੋ। ਪਰ ਸ੍ਰੀ ਜਸਵਿੰਦਰ ਸਿੰਘ ਐਮ.ਏ. ਰੀਸਰਚ ਸਕਾਲਰ ਪਿਛਲੇ ਥੋੜ੍ਹੇ ਸਮੇਂ ਕੁਝ ਐਸੇ ਸਰਕਾਰੀ ਕਾਗ਼ਜ਼ਾਤ ਲੱਭੇ ਹਨ ਜਿਨ੍ਹਾਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਰਾਮ ਸਿੰਘ ਜੀ 29 ਨਵੰਬਰ, 1885 ਤੋਂ ਬਾਅਦ ਵੀ ਦੇਹੁ ਕਰਕੇ ਜੀਉਂਦੇ ਸਨ ਅਤੇ ਉਨ੍ਹਾਂ ਨੂੰ ਚੁੱਪ ਚਾਪ ਕਿਸੇ ਦੁਰੇਡੀ ਥਾਂ ਤੇ ਇਸ ਕਰ ਕੇ ਬਦਲ ਦਿੱਤਾ ਗਿਆ ਤਾਂ ਜੋ ਪੰਜਾਬ ਵਿਚ ਗੁਰੂ ਰਾਮ ਸਿੰਘ ਜੀ ਦੇ ਸਿੱਖ ਬਰਮਾ ਆਉਣਾ ਬੰਦ ਕਰ ਦੇਣ।

ਸ੍ਰੋਤਾ : ਇਸ ਬਾਰੇ ਕੋਈ ਜਾਣਕਾਰੀ?

ਪੰਡਿਤ ਜੀ : ਸਭ ਤੋਂ ਪਹਿਲਾਂ ਮੈਂ ਤੁਹਾਨੂੰ ਬਰਮਾ ਦੇ ਸਭ ਤੋਂ ਵੱਡੇ ਅੰਗਰੇਜ਼ ਅਫ਼ਸਰ ਦੀ ਲਿਖਤ ਬਾਰੇ ਦੱਸਦਾ ਹਾਂ। ਇਹ ਅੰਗਰੇਜ਼ ਅਫ਼ਸਰ ਬਰਮਾ ਦਾ ਚੀਫ਼ ਕਮਿਸ਼ਨਰ ਸਰ ਚਾਰਲਸ ਬਰਨਾਰਡ ਸੀ, ਇਹ ਅਫ਼ਸਰ ਪੰਜਾਬ ਵਿਚ ਗੁਰੂ ਰਾਮ ਸਿੰਘ ਦੇ ਸਿੱਖਾਂ ਨੂੰ ਉਨ੍ਹਾਂ ਦੇ ਚਲਾਣੇ ਦੀ ਖ਼ਬਰ ਦੇ ਕੇ ਬਰਮਾ ਆਉਣ ਤੋਂ ਰੋਕਣ ਵਿਚ ਸਫ਼ਲ ਤਾਂ ਹੋ ਗਿਆ, ਪਰ ਯਕੀਨ ਨਾ ਦਿਵਾ ਸਕਿਆ। ਦੂਸਰੇ ਪਾਸੇ ਏਸੇ ਅਫ਼ਸਰ ਨੇ ਆਪਣੇ ਭਾਰਤੀ ਮਿੱਤਰ ਅਤੇ ਨਾਮਧਾਰੀਆਂ ਦੇ ਕੱਟਰ ਵਿਰੋਧੀ ਨੂੰ ਕੁਝ ਚਿਰ ਬਾਅਦ ਇਕ ਪੱਤਰ ਵਿਚ ਗੁਰੂ ਰਾਮ ਸਿੰਘ ਬਾਰੇ ਅਸਲੀਅਤ ਵੀ ਦੱਸ ਦਿੱਤੀ।

ਸ੍ਰੋਤਾ : ਉਹ ਕੀ?

ਪੰਡਿਤ ਜੀ : ਭਦੌੜ ਇਕ ਛੋਟੀ ਜਿਹੀ ਰਿਆਸਤ ਹੈ ਬਰਨਾਲੇ ਦੇ

ਕੋਲ। ਉਸ ਦੇ ਅੰਗਰੇਜ਼ ਭਗਤ ਸਰਦਾਰ ਸਰ ਅਤਰ ਸਿੰਘ ਨੂੰ ਚੀਫ਼ ਕਮਿਸ਼ਨਰ ਸਰ ਚਾਰਲਸ ਬਰਨਾਰਡ ਨੇ 23 ਅਗਸਤ ਸੰਨ 1886 (ਯਾਨੀ ਸਰਕਾਰ ਦੇ ਐਲਾਨ ਤੋਂ ਲੱਗਭਗ ਨੌਂ ਮਹੀਨੇ ਬਾਅਦ) ਦੇ ਪੱਤਰ ਵਿਚ ਲਿਖਿਆ ਸੀ ਕਿ (ਗੁਰੂ) ਰਾਮ ਸਿੰਘ ਕੂਕੇ ਨੂੰ ਐਸੀ ਦੁਰੇਡੀ ਥਾਂ ਤੇ ਬਦਲਿਆ ਜਾ ਰਿਹਾ ਹੈ, ਜਿੱਥੇ ਉਸ ਨਾਲ ਸੰਪਰਕ ਕਰਨਾ ਸੌਖਾ ਨਹੀਂ ਹੋਵੇਗਾ।

ਸ੍ਰੋਤਾ : ਵਾਹ! ਕੀ ਗੱਲ ਹੈ? ਕਿਹਾ ਝੂਠ ਸਰਕਾਰ ਨੇ ਮਾਰਿਆ।

ਪੰਡਿਤ ਜੀ : ਇਕ ਦੋ ਹੋਰ ਗੱਲਾਂ ਦਸ ਕੇ ਮੈਂ ਆਪਣੀ ਗੱਲ ਖ਼ਤਮ ਕਰਾਂਗਾ।

ਸ੍ਰੋਤੇ : ਦੱਸੋ ਜੀ।

ਪੰਡਿਤ ਜੀ : ਸਾਲ 1891 ਈ: ਦੀ ਮਰਦਮ ਸ਼ੁਮਾਰੀ ਵਿਚ ਸਰਕਾਰ ਨੇ ਆਪਣੇ ਨੋਟ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਬਤ ਲਿਖਿਆ ਹੈ-"ਉਹ (ਗੁਰੂ ਰਾਮ ਸਿੰਘ ਜੀ) ਰੰਗੂਨ ਵਿਖੇ ਸਨ 1887 ਜਾਂ 1888 ਵਿਚ ਗੁਜ਼ਰ ਗਏ।" ਹੁਣ ਦੱਸੋ ਕਿਸ ਸਰਕਾਰੀ ਲਿਖਤ ਨੂੰ ਸੱਚ ਸਮਝਿਆ ਜਾਵੇ। ਏਥੇ ਸਰਕਾਰ ਸਤਿਗੁਰੂ ਜੀ ਦਾ ਦੇਹਾਂਤ, ਮਰਗੋਈ ਦੀ ਥਾਂ 'ਰੰਗੂਨ' ਅਤੇ ਸਾਲ 1885 ਦੀ ਬਜਾਏ 1887 ਜਾਂ 1888 ਲਿਖ ਰਹੀ ਹੈ। ਇਹੋ ਗੱਲ ਸਿੱਧ ਕਰਦੀ ਹੈ ਕਿ ਸਰਕਾਰ ਕੋਲ ਕੋਈ ਜਾਣਕਾਰੀ ਨਹੀਂ ਸੀ। ਝੂਠੋ ਝੂਠ ਚੁਤਾਲ ਸੌ ਵਾਲੀ ਗੱਲ ਹੈ।

ਸਭ ਸ੍ਰੋਤੇ : ਬਹੁਤ ਖ਼ੂਬ, ਬਹੁਤ ਖ਼ੂਬ, ਬਹੁਤ ਖ਼ੂਬ ਤੁਹਾਡਾ ਧੰਨਵਾਦ।

ਪੰਡਿਤ ਜੀ : ਜਿਸ ਸਤਿਗੁਰੂ ਨੇ ਇਤਨੇ ਉਪਕਾਰ ਕੀਤੇ ਹਨ ਉਸ ਨੂੰ ਚੇਤੇ ਕਰ ਲਈਏ।

ਰੱਖੀ ਗੁਰੂ ਰਾਮ ਸਿੰਘ ਨੇ, ਨਹੀਂ ਤਾਂ ਖ਼ਾਲਸੇ ਦੀ ਰੀਤ ਮਿਟ ਜਾਂਦੀ।

# ਕਵੀ ਸੰਮੇਲਨ

## ਹਿੰਦੂ-ਸਿੱਖ ਭਾਈ ਭਾਈ

### ਸੰਤ ਨਿਧਾਨ ਸਿੰਘ ਆਲਿਮ

ਹਿੰਦੂ ਸਿੱਖ ਭਾਈ ਭਾਈ, ਰੂਹ ਇਕ ਤਸਵੀਰਾਂ ਦੋ।
ਜਮਣ ਮਰਣ ਦੁਹਾਂ ਦੇ ਸਾਂਝੇ, ਐਪਰ ਹੈਨ ਜ਼ਮੀਰਾਂ ਦੋ।
ਓਕਾਰ ਹੈ ਹੱਦ ਦੁਹਾਂ ਦੀ, ਇੱਕ ਤੱਤ ਨਜ਼ੀਰਾਂ ਦੋ।
ਖਤ ਲਾਈਨ ਵਿਚ ਫ਼ਰਕ ਨ ਕੋਈ, ਨੁਕਤਾ ਇਕ ਲਕੀਰਾਂ ਦੋ।
ਸਭਯਤਾ ਤੇ ਕਲਚਰ ਦੋਹਾਂ ਦੀ, ਕਲਮ ਇਕ ਤਹਿਰੀਰਾਂ ਦੋ।
ਮਸਿਆ, ਪੂਰਨਮਾਸ਼ੀ ਸਾਂਝੀ, ਮੰਨਣ ਦੀਆਂ ਤਦਬੀਰਾਂ ਦੋ।
ਸ੍ਰੋਤ ਇਕ ਬਿਜਲੀ ਦੀ ਆਲਿਮ, ਬਲਬ ਦੀਆਂ ਤਨਵੀਰਾਂ ਦੋ।

## ਸਿੱਖ ਦੀ ਤਲਵਾਰ

ਸਿੱਖ ਦੀ ਤਲਵਾਰ ਉਹ, ਰਖਿਆ ਜੋ ਕਰਦੀ ਦੇਸ਼ ਦੀ।
ਜੋ ਢਾਲ ਹੈ ਮਲਜ਼ੂਮ ਦੀ, ਦੁਖੀਏ ਦੇ ਦਰਦ ਕਲੇਸ਼ ਦੀ।
ਜ਼ਾਲਿਮ ਨੂੰ ਜ਼ੁਲਮੋ ਹੋੜਦੀ, ਜਾਬਰ ਨੂੰ ਜਬਰੋਂ ਮੋੜਦੀ।
ਦੁਸ਼ਟਾਂ ਦੀ ਕਰਦੀ ਦਮਨ ਹੈ, ਖਲਦਨ ਦੇ ਮੂੰਹ ਨੂੰ ਮੋੜਦੀ।
ਜਗਮਗ ਕਰੇ ਜਾ ਚਮਕਦੀ, ਬਿਜਲੀ ਦੇ ਵਾਂਗੂੰ ਚਮਕਦੀ।
ਗਾਸਬ ਦੀ ਗਰਦਨ ਕਪਕੇ, ਬਲੀਆਂ ਦੇ ਦਲ ਵਿਚ ਦਮਕਦੀ।
ਦੁਖੀਆਂ ਦੇ ਦੁਖੜੇ ਦੂਰ ਕਰ, ਦੀਨ ਦੀ ਬਣਦੀ ਢਾਲ ਹੈ।
ਸਾਹਾਂ ਦੇ ਸ਼ਾਹੀ ਰੁਅਬ ਨੂੰ, ਖਿਨ ਵਿਚ ਕਰਦੀ ਪਾਮਾਲ ਹੈ।
ਤਲਵਾਰ ਨਹੀਂ ਉਹ ਸਿਖ ਦੀ, ਮਾੜੇ ਤੇ ਕਰਦੀ ਵਾਰ ਜੋ।
ਨਾ ਦੇਸ਼ ਹਿਤ ਨਾ ਕੌਮ ਹਿਤ, ਕਰਦੀ ਨਾ ਕਦੇ ਉਪਕਾਰ ਉਹ।
ਆਪਣੇ ਸੁਆਰਥ ਵਾਸਤੇ, ਜੋ ਜੋਸ਼ ਅੰਦਰ ਆਵਦੀ।
ਜ਼ਾਲਮ ਦੀ ਕਰਦੀ ਮਦਦ ਜੋ, ਮਜ਼ਲੂਮ ਨੂੰ ਦਬਾਂਵਦੀ।
ਮਾੜੇ ਨੂੰ ਜਿਸ ਦੇ ਛਹਿ ਨਹੀਂ, ਤਕੜੇ ਨੂੰ ਜਿਸਦਾ ਭੈ ਨਹੀਂ।

ਸੰਤਾਂ ਦੀ ਜਿਸ ਤੋਂ ਜੈ ਨਹੀਂ, ਦੁਸ਼ਟਾਂ ਤੋਂ ਜਿਸਦੀ ਖੈ ਨਹੀਂ।
ਦੁਖੀਆਂ ਦੀ ਬਣਦੀ ਢਾਲ ਨਾ, ਕਰਦੀ ਜੋ ਤਰਸ ਰਵਾਲ ਨਾ।
ਜਾਬਰ ਦਾ ਮੰਦਾ ਹਾਲ ਨਾ, ਜ਼ਾਲਮ ਕਰੇ ਪਾਮਾਲ ਨਾ।
ਬੇਜੁਬਾਨਾਂ ਵਾਸਤੇ ਕਰਦੀ ਜੋ ਦਰੇਗ਼ ਨਾ।
"ਆਲਿਮ" ਹਕੀਕਤ ਹੈ, ਕਦੇ ਸਿਖ ਦੀ ਉਹ ਸਮਝੋ ਤੇਗ਼ ਨਾ।

## ਮਹਾਰਾਜਾ ਨਾਭਾ ਦੀ ਫ਼ੋਟੋ

ਮਹਾਰਾਜਾ ਨਾਭਾ ਦੀ ਫ਼ੋਟੋ ਮੂੰਹੋਂ ਬੋਲ ਰਹੀ।
ਕੁਲ ਨੂੰ ਵੰਗਾਰ ਦਸਾਂ, ਮੈਂ ਪੱਕਾ ਨਾਮਧਾਰੀ ਹਾਂ।
ਤਨੋ ਮਨੋ ਦਾਸ ਹਾਂ, ਖਾਸ ਗੁਰੂ ਬਾਰਵੇ ਦਾ
ਭੈਣੀ ਸਾਹਿਬ ਦੀ ਲੋਹ ਦਾ ਪੱਕਾ ਮੈਂ ਪੁਜਾਰੀ ਹਾਂ
ਨਾਮਧਾਰੀ ਹੋਣ ਦਾ ਦੋਸ਼ ਨਹੀਂ ਪਾਪ ਨਹੀਂ
ਇਕ ਵਾਰੀ ਛਡਕੇ, ਹਜ਼ਾਰ ਵਾਰੀ ਆਖਦਾ ਹਾਂ
ਮੈਂ ਪੱਕਾ ਨਾਮਧਾਰੀ ਹਾਂ, ਮੈਂ ਪੱਕਾ ਨਾਮਧਾਰੀ ਹਾਂ।

## ਕੂਕਾ

### ਸ੍ਰ: ਰਤਨ ਸਿੰਘ ਕੂਕਾ ਦਮਦਮਾ

ਬਾਰੀ ਖੋਲ੍ਹਕੇ ਡਿਠਾ ਧਿਆਨ ਲਾਕੇ, ਗੜਵਾ ਖੂਹ ਤੇ ਰਿਹਾ ਖੜਕਾ ਕੂਕਾ।
ਠੰਡ ਠੁਰਕ ਨਾ ਇਨੂ ਸਰਸਾਮ ਹੋਵੇ, ਅਧੀ ਰਾਤ ਨੂੰ ਲਵੇ ਨਹਾ ਕੂਕਾ।
ਬਾਣੀ ਪੜ੍ਹੇ ਪ੍ਰੇਮ ਦੇ ਨਾਲ ਬਹਿ ਕੇ, ਨਿਤ ਉਚੀਆਂ ਸੁਰਾਂ ਲਗਾ ਕੂਕਾ।
ਇਹਦੇ ਸ਼ਬਦ ਦੇ ਵਿਚ ਤਸੀਰ ਡਾਡੀ, ਉਡਦੇ ਪੰਛੀਆਂ ਲਏ ਫਸਾ ਕੂਕਾ।
ਲਾਹ ਕੇ ਰੰਗ ਬੰਗੜੇ ਫੂਕ ਦਿਤੇ, ਚਿਟੇ ਕਪੜੇ ਦੇਵੇ ਪਵਾ ਕੂਕਾ।
ਅਸੀਂ ਸੁਖ ਆਰਾਮ ਨਾਲ ਸੌਣ ਵਾਲੇ, ਅਧੀ ਰਾਤ ਤੇ ਦੇ ਜਾ ਕੂਕਾ।
ਅਸੀਂ ਮਾਸ ਸ਼ਰਾਬ ਦੇ ਖਾਣ ਵਾਲੇ, ਨਿਤ ਰਿਹਾ ਇਹ ਸਾਨੂੰ ਹਟਾ ਕੂਕਾ।
ਪਿਛੋਂ ਲਹਿ ਜਾਵੇ ਇਹ ਰਤਨ ਸਿੰਘ। ਨਹੀਂ ਸਾਨੂੰ ਵੀ ਲਏ ਬਣਾ ਕੂਕਾ।

# ਰਹੁਰੀਤੀ

ਜੇਠ ਜੁਗਤ ਪਛਾਣੀ, ਹਥੀਂ ਆਪ ਪੀਣ ਪਾਣੀ।
ਕੀਤੇ ਬਾਝ ਇਸ਼ਨਾਨ, ਪਰਸ਼ਾਦ ਨਹੀਂ ਛਕਦੇ।
ਸਿੰਘ ਬੋਲਦੇ ਨੇ ਸੱਚ, ਇਹੁ ਸਤਿਗੁਰਾਂ ਦੀ ਮਤ।
ਛੋਡ ਚੁਗਲੀ ਬਖੀਲੀ, ਖੌਫ ਮਨ ਵਿਚ ਰਖਦੇ।
ਇੱਕ ਹੋਰ ਗਲ ਡਿਠੀ, ਬੋਲੀ ਬੋਲਦੇ ਨ ਮਿਠੀ।
ਤੁਰੇ ਜਾਣ ਸਿਧੇ ਰਾਹ, ਗਹਿਰੀ ਨਜ਼ਰ ਨਹੀਂ ਤਕਦੇ।
ਇਹੋ ਨਾਮ ਹੋ ਅਮੋਲ, ਸੱਚੇ ਸਤਿਗੁਰਾਂ ਦੇ ਬੋਲ।
ਨਿਹਾਲ ਸਿੰਘ ਕਰਨ ਟਹਿਲ, ਸੀਸ ਚਰਨਾਂ ਤੇ ਰਖਦੇ।

ਬਾਰਹ ਮਾਂਹ ਵਿੱਚੋਂ
**ਨਿਹਾਲ ਸਿੰਘ**

# ਵਿਛੋੜਾ

ਮਾਘ ਦਾ ਮਹੀਨਾ ਸੀਨਾ ਭੁਜ ਕੇ ਕਬਾਬ ਹੋਇਆ।
ਲੋਕਾਂ ਲਗੇ ਸੀਤ ਮੇਰੇ ਰਿਦੇ ਅੰਗਿਆਰੀਆਂ।
ਪੀਆ ਦੇ ਵਿਛੋੜੇ ਨੇ ਹੈ ਕਰ ਦਿਤਾ ਘਾਇਲ ਮੈਨੂੰ।
ਐਸੀਆਂ ਪ੍ਰੇਮ ਦੀਆਂ ਲਗੀਆਂ ਕਟਾਰੀਆਂ।
ਪਤਾ ਨਹੀਂ ਕਿਹੜਾ ਇਹ ਗੁਨਾਹ ਕਰ ਬੈਠੀਆਂ।
ਦਿਨੇ ਰਾਤ ਰੋਵਦੀਆਂ ਅੱਖੀਆਂ ਵਿਚਾਰੀਆਂ।
ਸੋਹਣੇ ਦਿਲਦਾਰ ਸਤਿਗੁਰੂ ਰਾਮ ਸਿੰਘ ਬਾਝੋਂ।
ਝੂਠੀਆਂ ਨੇ ਜਗ ਦੀਆਂ ਸਾਰੀਆਂ ਹੀ ਯਾਰੀਆਂ।

**ਇਕਬਾਲ ਸਿੰਘ 'ਸਿਆਮ'**

# ਸੁਲਤਾਨਾਂ ਦੇ ਸੁਲਤਾਨ

## ਡਾ: ਹਰਭਿਜਨ ਸਿੰਘ ਜੀ, ਦਿੱਲੀ ਯੂਨੀਵਰਸਿਟੀ

ਸਾਡਾ ਹਰ ਯੁਗ ਸੰਕਟ ਦਾ ਹੈ, ਸੰਕਟ ਵਿਚ ਇਨਸਾਨ।
ਸੰਕਟ ਘਿਰੇ ਮਨੁਖਾਂ ਚੋਂ ਹੀ, ਜਨਮ ਲਏ ਭਗਵਾਨ।
ਧਰਤੀ ਸਾਡਾ ਘਰ ਏਥੇ ਹੈ, ਸਦਾ ਧਰਮ ਦਾ ਹਾਨ।
ਸਾਡੇ ਘਰ ਨੂੰ ਸੋਧਣ ਖਾਤਰ, ਰਬ ਹੋਏ ਮਹਿਮਾਨ।

ਇਹ ਰਬ ਸਾਡਾ ਸਦਾ ਸਨੇਹੀ, ਸਾਡੀ ਜਾਨ ਦੀ ਜਾਨ।
ਕਿੰਨਾ ਅਜਬ ਕਿ ਉਹੀ, ਉਹ ਸਾਥੋਂ, ਹੋਵੇ ਨਾ ਪਹਿਚਾਨ।
ਕਦੀ ਇਹੋ ਰਬ ਸੂਲੀ ਚੜ੍ਹਦਾ, ਵੈਰਾ ਸਕਲ ਜਹਾਨ।
ਸੂਲੀ ਚੜ੍ਹਿਆ ਤੇ ਵੀ ਪੱਥਰ, ਸੁਟਣ ਲੋਕ ਨਦਾਨ।

ਕਦੀ ਘਰੋਂ ਬੇਘਰ ਹੋ ਜਾਵੇ, ਆਪਣੇ ਘਰਜ ਦੀ ਸ਼ਾਨ।
ਕਦੇ ਦੇਸ 'ਚੋਂ ਪੁਟਣ ਲੋਕੀ, ਸੁਟਣ ਦੂਰ ਵਿਰਾਨ।
ਦੇਸ ਰਹੇ ਪਰਦੇਸ ਰਹੇ, ਉਹਦਾ ਦੁਖੀਆਂ ਵਿਚ ਧਿਆਨ।
ਨਾ ਸ਼ੁਕਰੇ ਲੋਕਾਂ ਉਤੇ ਵੀ, ਨਿਤ ਉਹਦਾ ਇਹਸਾਨ।

ਰਾਮ ਚੰਦ ਉਹ, ਰਾਮ ਸਿੰਘ ਉਹ, ਉਹੀ ਰਾਮ ਰਹਿਮਾਨ।
ਲੰਕਾ ਬਰਮਾ ਭੇਜਣ ਵਾਲਿਆ, ਉਸਦਾ ਰੂਪ ਪਛਾਣ।
ਪ੍ਰਦੇਸਾਂ ਵਿਚ ਰਹਿਣ ਵਾਲਿਓ, ਲਾਓ ਜਰਾ ਅਨੁਮਾਨ।
ਕੀ ਬੀਤੀ ਸਤਿਗੁਰ ਤੇ, ਜਿਸ ਤੋਂ ਖੁਸਾਂ ਹਿੰਦੁਸਤਾਨ

ਉਸ ਤੋਂ ਕਦੇ ਵਿਸਾਹ ਨ ਛਡੋ, ਉਹ ਹੈ ਸਦਾ ਮਹਾਨ।
ਮੁੜ ਆਵੇਗਾ, ਮੁੜ ਆਵੇਗਾ, ਸੁਲਤਾਨਾਂ ਦੇ ਸੁਲਤਾਨ।
ਅਜੇ ਉਸਦੇ ਹਥੋਂ ਹੋਣਾ, ਸਾਡਾ ਵਡ ਕਲਿਆਨ।
ਮਹਾਂ ਹਨੇਰੇ ਜਗਮਗ, ਜਗਮਗ, ਉਸਦਾ ਗੂੜ ਗਿਆਨ।

ਬਿਨਸ ਜਾਏਗਾ ਪਾਪ, ਧਰਮ ਮੁੜ ਹੋਵੇਗਾ ਪਰਧਾਨ।
ਮੁੜ ਆਵੇਗਾ, ਮੁੜ ਆਵੇਗਾ, ਉਹ ਸ਼ਾਨਾਂ ਦੀ ਸ਼ਾਨ।

# ਲਲਿਤ ਪਦ

## ਪੰਥ ਭੂਸ਼ਣ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਨਾਭਾ

ਵਿਸਯ ਅਗਨਿ ਕਰ ਤਪਤ ਰਿਦੇ ਜਿਨ ਨਾਮਾਮ੍ਰਿਤ ਦੇ ਠਾਰੇ।
ਗੁਰਮਤ ਦੇ ਅਨੁਰਾਗੀ ਕੀਤੇ ਪਾਪੀ ਪਾਮਰ ਭਾਰੇ।
ਭੰਗ ਸ਼ਰਾਬ ਅਫ਼ੀਮ ਛੁਡਾਕੇ, ਨਸ਼ਾ ਪ੍ਰੇਮ ਦਾ ਦਿਤਾ।
ਮੰਗ ਖਾਣ ਨੂੰ ਖੰਡਨ ਕੀਤਾ, ਦਸ ਧਰਮ ਦਾ ਕਿਤਾ।
ਫੁਟ ਈਰਖਾ ਵੈਰ ਭਾਵ ਅਰ ਨਫਰਤ ਮਨੋ ਹਟਾਈ।
ਮੁਦਿਤਾ ਮੈਤ੍ਰੀ ਕਰੁਣ, ਦ੍ਰਿੜ ਕਰ ਸਿਖਾਂ ਚਿੱਤ ਵਸਾਈ।
ਭੁਖਾ ਨੰਗਾ ਰੋਗੀ ਸੋਗੀ ਜੋ ਸਰਨੀ ਚਲ ਆਵੇ।
ਹੋਇ ਤ੍ਰਿਪਤ ਅਰ ਪਰਮ ਅਨੰਦੀ ਜੀਵਨ ਸਰਵ ਵਿਤਾਵੇ।
ਦੀਨ ਕੀਰ ਅਪਮਾਨਿਤ ਜੀਣਾ ਸ੍ਵੈ ਸਤਕਾਰ ਦ੍ਰਿੜ ਯਾ।
ਭਗਤ ਗਿਆਨੀ ਸੂਰਵੀਰ ਹੋ ਰਹਿਣਾ ਜਗਤ ਸਿਖਾਯਾ।
ਬਾਲ ਅਵਸਥਾ ਵਿਚ ਵਿਜੇਸ਼ ਨੇ ਅਦਭੂਤ ਮੂਰਤਿ ਚੀਨੀ।
ਸਿਰ ਤੇ ਖੰਡਾ ਹੱਥ ਸਿਮਰਨੀ ਚੜ੍ਹਿਆ ਬਾਕੀ ਚੀਨੀ।
ਜਿਸਦੀ ਮਿਠੀ ਬਾਣੀ ਲਗੇ ਫਿਕੀ ਲਗਦੀ ਚੀਨੀ।
ਦਰਸ਼ਨ ਕਰਕੇ ਨੇਤਰ ਵਿਗਸਦੇ, ਜਿਉ ਰਵਿਪਿਖ ਗੁਲ ਚੀਨੀ।

# ਕੈਸੇ ਕੈਸੇ ਹਨ ਨਾਮਧਾਰੀ

## ਕੂਕੇ ਸਿੰਘ

ਬਸੰਤ ਰੁਤ ਜੋਬਨ ਤੇ ਸੀ। ਅਕਾਸ਼ ਨਿਰਮਲ ਤੇ ਧਰਤੀ ਮਖ਼ਮਲੀ ਬਰਫ਼ ਦੇ ਨਾਲ ਸ਼ੰਗਾਰੀ ਪਈ ਸੀ। ਸ੍ਰੀ ਸਤਿਗੁਰ ਰਾਮ ਸਿੰਘ ਜੀ ਸ੍ਰੀ ਅਨੰਦਪੁਰ ਦੇ ਦਰਸ਼ਨਾਂ ਨੂੰ ਜਾ ਰਹੇ ਸਨ। ਉਨ੍ਹਾਂ ਦੇ ਪਿੱਛੇ ਪਿੱਛੇ ਹਜ਼ਾਰਾਂ ਸਿੰਘ ਦੁੱਧ ਚਿੱਟੇ ਬਸਤਰਾਂ ਨਾਲ ਹੰਸਾਂ ਵਾਂਗੂੰ ਦਿਖਾਈ ਦੇ ਰਹੇ ਸਨ। ਜੈਕਾਰਿਆਂ ਨਾਲ ਅਕਾਸ਼ ਗੂੰਜ ਰਿਹਾ ਸੀ। ਮਿਸਟਰ ਮੈਕ ਤੰਬੂ 'ਚੋਂ ਬਾਹਰ ਨਿਕਲਿਆ ਤੇ ਟੋਪੀ ਲਾਹ ਕੇ ਨਜ਼ਾਰਾ ਤਕਿਆ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਉੱਚੀ ਬਾਂਹ ਖੜੀ ਕੀਤੀ ਤਾਂ ਹਜ਼ਾਰਾਂ ਸਿੰਘਾਂ ਦਾ ਦਲ ਪੈਰਾਂ ਉਪਰ ਰੁੱਕ ਗਿਆ। ਫ਼ੌਜੀ ਤੇ ਸਿਵਲ ਅਫ਼ਸਰ ਇਹ ਵੇਖ ਚਕ੍ਰਤ ਹੋ ਗਏ ਕਿ ਕਿਤਨਾ ਡਿਸਿਪਲਨ ਹੈ ਕਿ ਹੱਥ ਉਠਾਣ ਨਾਲ ਹੀ ਹਜ਼ਾਰਾਂ ਸਿੰਘ ਇਕਦਮ ਰੁੱਕ ਗਏ ਹਨ ਜਦ ਪੁਲਿਸ ਕਰਮਚਾਰੀ ਸਿੱਖਾਂ ਦੀ ਲਿਸਟ ਬਣਾਨ ਲੱਗੇ ਤੇ ਹਰੇਕ ਸਿੰਘ ਦਾ ਪਤਾ, ਟਿਕਾਣਾ ਪੁੱਛਿਆ ਤਾਂ ਹੋਰ ਵੀ ਹੈਰਤ ਗੁੰਮ ਹੋ ਗਈ।

ਮੁਨਸ਼ੀ–ਨਾਮ?

ਸਿੰਘ–ਹੀਰਾ ਸਿੰਘ

ਮੁਨਸ਼ੀ–ਪਿਤਾ ਦਾ ਨਾਮ?

ਸਿੰਘ–ਸਤਿਗੁਰੂ ਰਾਮ ਸਿੰਘ

ਮੁਨਸ਼ੀ–ਮਕਾਮ?

ਸਿੰਘ–ਸ੍ਰੀ ਭੈਣੀ ਸਾਹਿਬ।

ਜਿਨਿਆ ਸਿੰਘਾਂ ਪਾਸੋਂ ਵੀ ਪੁੱਛਿਆ ਸਭ ਦਾ ਇਹੋ ਉੱਤਰ ਸੀ।

## ਸ੍ਰ: ਹਾਕਮ ਸਿੰਘ ਤੇ ਉਸਦੇ ਸਾਥੀ

ਦੇਸ਼ ਧਰਮ ਤੇ ਗਊ ਰਖਿਆ ਨੂੰ ਮੁੱਖ ਰਖਦਿਆਂ ਤੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਬੇਅਦਬੀ ਨਾ ਸਹਾਰਦੇ ਗਊਆਂ ਛੁਡਾਨ ਹਿਤ ਬੁਚੜਖਾਨੇ ਤੇ ਹੱਲਾ ਕੀਤਾ। ਕੁਝ ਬੁਚੜ ਮਾਰੇ ਗਏ ਕੁਝ ਜ਼ਖ਼ਮੀ, ਸਿੰਘ ਕਾਰਾਂ ਕਰ ਸ੍ਰੀ ਭੈਣੀ ਸਾਹਿਬ ਗਏ, ਪੁਲਿਸ ਬੇਗੁਨਾਹੇ ਪੁਜਾਰੀਆਂ ਤੇ ਨਿਹੰਗਾਂ ਨੂੰ ਪਕੜ ਲਿਆ ਕੇ ਗਿੱਦੜ ਕੁੱਟ ਚਾੜ੍ਹੀ। ਜੋ ਪੁਲਿਸ ਨੇ ਕਿਹਾ ਉਹ ਮੰਨ ਗਏ। ਉਨ੍ਹਾਂ ਨੂੰ ਫ਼ਾਂਸੀ ਦੀ ਸਜ਼ਾ ਹੋ ਗਈ, ਪਰ ਸਤਿਗੁਰੂ ਰਾਮ ਸਿੰਘ ਜੀ ਦਾ ਬਚਨ ਮੰਨ

ਭਾਈ ਬੀਹਲਾ ਸਿੰਘ, ਹਾਕਮ ਸਿੰਘ, ਲਹਿਣਾ ਸਿੰਘ ਤੇ ਫਤਹਿ ਸਿੰਘ ਅੰਮ੍ਰਿਤਸਰ ਦੀ ਕਚਹਿਰੀ ਵਿਚ ਪੇਸ਼ ਹੋਏ, ਆਪਣੀ ਜੁਰਮ ਕਬੂਲ ਕੀਤਾ ਤੇ ਬੇਗੁਨਾਹਾਂ ਨੂੰ ਛੁਡਾ ਕੇ ਹੱਸਦਿਆਂ ਹੱਸਦਿਆਂ ਫ਼ਾਂਸੀ ਤੇ ਚੜ੍ਹ ਗਏ ਤੇ ਸੱਚਖੰਡ ਜਾ ਡੇਰਾ ਲਾਇਆ।

## ਗਿਆਨੀ ਸਿੰਘ ਸੂਬਾ

ਇਸ ਤਰ੍ਹਾਂ ਗਿਆਨੀ ਸਿੰਘ ਤੇ ਤਰਨ ਸਿੰਘ ਨੂੰ ਜਦ ਰਾਏ ਕੋਟ ਦੇ ਬੁਚੜ ਕਤਲਾਂ ਨਾਲ ਜੋੜ ਸੂਰਮਿਆਂ ਨੂੰ ਲੁਧਿਆਣੇ ਜੇਲ੍ਹ ਦੇ ਬਾਹਰਵਾਰ ਫ਼ਾਂਸੀ ਤੇ ਚਾੜਨ ਲੱਗੇ ਤਾਂ ਗਿਆਨੀ ਸਿੰਘ ਨੇ ਕਾਵਨ ਨੂੰ ਵੰਗਾਰਦਿਆਂ ਕਿਹਾ ਬਿਲਿਆ ਸਾਨੂੰ ਫ਼ਾਂਸੀ ਤੇ ਚਾੜ੍ਹ ਇਹ ਨਾ ਸਮਝ ਲਈਂ ਕਿ ਖੇਡ ਮੁੱਕ ਗਈ ਏ, ਵੇਖ ਕਿਸੇ ਮਾਈ ਦਾ ਪੇਟ ਨੌਂ ਮਹੀਨੇ ਗੰਦਾ ਕਰ, ਜਨਮ ਲਵਾਂਗੇ ਵੱਡੇ ਹੋਵਾਂਗੇ ਤੇ ਜਦ ਤੱਕ ਤੈਨੂੰ ਦੇਸ਼ੋਂ ਕੱਢ ਨਹੀਂ ਲੈਂਦੇ ਦਮ ਨਹੀਂ ਲਵਾਂਗੇ।

ਜਦ 1872 ਦੀ ਜਨਵਰੀ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਪਰਦੇਸ ਜਾਣ ਦੀ ਤਿਆਰੀ ਕੀਤੀ, ਕਾਲੀ ਕਮਲੀ ਪਾ ਲਈ ਤੇ ਗੱਡੇ ਤੇ ਸਵਾਰ ਹੋਣ ਲੱਗੇ, ਤਾਂ ਬਾਬਾ ਬੁਧ ਸਿੰਘ ਜੀ ਹੱਥ ਜੋੜ ਅਰਜ਼ ਕੀਤੀ ਪਾਤਸ਼ਾਹੋ! ਮੈਂ ਇਸ ਸਾਰੇ ਕਾਂਡ ਨੂੰ ਆਪਣੇ ਸਿਰ ਲੈਂਦਾ ਹਾਂ, ਤੇ ਗੋਰਿਆਂ ਨਾਲ ਜਾਂਦਾ ਹਾਂ, ਤੁਸੀਂ ਇੱਥੇ ਦਰਸ਼ਨ ਦਿਓ ਤੇ ਸੰਗਤਾਂ ਨਿਹਾਲ ਕਰੋ। ਪਰ ਸੱਚੇ ਪਾਤਸ਼ਾਹ ਬਚਨ ਕੀਤਾ ਭਾਈ! ਮੇਰੇ ਗਿਆ ਬਿਨਾ ਧਰਮ ਨਹੀਂ ਤੁਰਨਾ, ਮੈਂ ਇਸੇ ਦੇਹ ਵਿਚ ਆਵਾਂਗਾ ਤੇ ਜਦ ਤੱਕ ਗਊ ਗ਼ਰੀਬ ਦੇ ਗਲ ਤੇ ਛੁਰੀ ਨਹੀਂ ਲੈਂਦੀ ਉਤਨਾ ਸਮਾਂ ਇਸੇ ਦੇਹ ਵਿਚ ਰਹਾਂਗਾ।

## ਸ: ਸ਼ਾਮ ਸਿੰਘ ਸਰਹਾਲੀ ਤੇ ਸੰਤ ਲਾਲ ਸਿੰਘ ਭੂਰੇ ਗਿਲ

ਬੜੇ ਸਰਦੇ ਪੁੱਜਦੇ ਘਰਾਨਿਆਂ ਵਿੱਚੋਂ ਸਨ। ਇਲਾਕੇ ਵਿਚ ਇਨ੍ਹਾਂ ਦਾ ਸਾਹੂਕਾਰਾ ਸੀ, ਪਰ ਜਦ ਇਨ੍ਹਾਂ ਨੂੰ ਭਜਨ ਦੀ ਦਾਤ ਪ੍ਰਾਪਤ ਹੋਈ ਤਾਂ ਰੰਗ ਚੜ੍ਹ ਗਿਆ, ਸਭ ਥਾਂਈਂ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਣ ਲੱਗੇ ਤਾਂ ਆਪਣੀਆਂ ਲੈਹਣੇ ਵਾਲੀਆਂ ਵਹੀਆਂ ਨੌਕਰਾਂ ਦੇ ਸਿਰਾਂ ਤੇ ਰਖਵਾ ਖੂਹ ਵਿਚ ਸੁਟਵਾ ਦਿੱਤੀਆਂ ਤੇ ਅਰਸ਼ਾਂ ਕੁਰਸ਼ਾਂ ਦੇ ਮਾਲਕ ਨਾਲ ਮਿੱਤਰਤਾ ਪਾ ਲਈ। ਮਕਰੂਜਾਂ ਨੂੰ ਮੁੜ ਨਹੀਂ ਪੁੱਛਿਆ।

## ਸ: ਬਘੇਲ ਸਿੰਘ ਨਾਰਲੀ

ਸ: ਬਘੇਲ ਸਿੰਘ ਨਾਰਲੀ ਤੇ ਸਤਿਗੁਰੂ ਰਾਮ ਸਿੰਘ ਜੀ ਦੀਆਂ ਮਿਹਰਾਂ ਸਨ। ਲੱਖਾਂ ਵਿਚ ਖੇਡਦੇ ਸਨ। ਭਾਈ ਦੇਵਾ ਸਿੰਘ ਦੇ ਕਾਰਖਾਨੇ ਨੂੰ ਅੱਗ

ਲੱਗ ਗਈ ਤੇ ਉਹ ਸੜ ਕੇ ਸੁਆਹ ਹੋ ਗਿਆ। ਦੇਵਾ ਸਿੰਘ ਬਘੇਲ ਸਿੰਘ ਕੋਲ ਗਿਆ ਤੇ ਵਿਥਿਆ ਸੁਣਾਈ। ਬਘੇਲ ਸਿੰਘ ਨੇ ਕਿਹਾ ਦੇਵਾ ਸਿਘ ਤੈਨੂੰ ਕਿੰਨਾ ਕੁ ਪੈਸਾ ਚਾਹੀਦਾ ਹੈ? ਤਾਂ ਦੇਵਾ ਸਿੰਘ ਨੇ ਉੱਤਰ ਦਿੱਤਾ 36 ਹਜ਼ਾਰ ਮਿਲ ਜਾਵੇ ਤਾਂ ਕੰਮ ਚਲ ਸਕਦਾ ਏ। ਸ: ਬਘੇਲ ਸਿੰਘ ਤਕੜੀ ਨਾਲ ਤੋਲ 36 ਹਜ਼ਾਰ ਰੁਪਿਆ ਖੁਰਰੀਆਂ ਵਿਚ ਪਾਇਆ ਭਾਈ ਦੇਵਾ ਸਿੰਘ ਤੁਰਨ ਲੱਗ ਤਾਂ ਕਿਹਾ ਸਰਦਾਰਾ ਕੋਈ ਨਾਵਾਂ ਪੱਤਰਾ? ਸਰਦਾਰ ਬਘੇਲ ਸਿੰਘ ਦੇ ਨੇਤਰ ਸਜਲ ਹੋ ਗਏ, ਤੇ ਕਿਹਾ ਭਾਈ ਦੇਵਾ ਸਿੰਘ ਤੂੰ ਵੀ ਗੁਰੂ ਰਾਮ ਸਿੰਘ ਦਾ ਸਿੱਖ, ਮੈਂ ਵੀ ਉਸ ਘਰ ਦਾ ਕੂਕਰ, ਫਿਰ ਨਾਵਾਂ ਪੱਤਰਾ ਕਾਹਦਾ? ਜਦ ਹੋਊਗਾ ਦੇ ਜਾਵੀਂ ਨਹੀਂ ਤਾਂ ਸਭ ਗੁਰੂ ਕੇ ਲੰਗਰ। ਇਹ ਵਾਰਤਾ ਉਸ ਸਮੇਂ ਦੀ ਏ ਜਦ ਘਿਓ ਰੁਪਏ ਦਾ ਚਾਰ ਸੇਰ ਪਕਾ ਵਿਕਦਾ ਸੀ।

## ਸ: ਇੰਦਰ ਸਿੰਘ ਚੀਫ਼

ਦੂਰ ਦੀ ਗੱਲ ਨਹੀਂ ਸ੍ਰ: ਇੰਦਰ ਸਿੰਘ ਚੀਫ਼ ਸਾਹਿਬ ਕਰਕੇ ਪ੍ਰਸਿੱਧ ਸਨ। ਉਨ੍ਹਾਂ ਅਮਰੋਹਾ ਸ਼ੂਗਰ ਮਿਲ ਦਾ ਸੇਠ ਨਾਲ ਸੌਦਾ ਕਰਾਉਣਾ ਸੀ। ਦਲਾਲ ਨੇ ਕਿਹਾ ਇਹ ਮਿਲ 20 ਲੱਖ ਮੁੱਲ ਦੀ ਹੈ ਤੇ 18 ਲੱਖ ਇਕ ਸੇਠ ਕਹਿ ਗਿਆ। ਇੰਦਰ ਸਿੰਘ ਨੇ ਕਿਹਾ ਅਸੀਂ 12 ਲੱਖ ਤੋਂ ਵੱਧ ਨਹੀਂ ਦੇਣਾ। ਗੱਲ੍ਹਾਂ ਚਲਦੀਆਂ ਰਹੀਆਂ। ਦਲਾਲ ਨੇ ਕਿਹਾ ਇੰਦਰ ਸਿੰਘ 12 ਲੱਖ ਤੋਂ ਜਿੰਨਾ ਵੱਧ ਜਾਵੇ ਫਿਫਟੀ ਫਿਫਟੀ। ਮਾਲਿਕ ਵੀ ਖ਼ੁਸ਼ ਤੂੰ ਵੀ ਐਸ਼ ਲੈ, ਸਰਦਾਰ ਦੇ ਸਾਹਮਣੇ ਸਤਿਗੁਰੂ ਪ੍ਰਤਾਪ ਸਿੰਘ ਦੀ ਸੁੰਦਰ ਜਸਵੀਰ ਆ ਖਲੋਤੀ ਬਸ ਉਸ ਵੇਲੇ ਸਰਦਾਰ ਨੇ ਕਿਹਾ ਭਾਈ ਸਾਹਿਬ ਮੈਂ ਗਾਂ ਨਹੀਂ ਖਾਣੀ ਦਲਾਲ ਹੱਕਾ ਬੱਕਾ ਰਹਿ ਗਿਆ ਤੇ ਸਰਦਾਰ ਦੀ ਚਰਨੀਂ ਹੱਥ ਲਾਏ ਤੇ ਆਖਿਆ ਸਰਦਾਰਾ ਧੰਨ ਹੈਂ ਤੂੰ ਤੇ ਧੰਨ ਹੈ ਤੇਰਾ ਗੁਰੂ।

## ਸ: ਤੇਜਾ ਸਿੰਘ ਗੁਜਰਾਂਵਾਲ

ਸ੍ਰ: ਤੇਜਾ ਸਿੰਘ ਗੁਜਰਾਂਵਾਲ ਦੇ ਚੰਗੇ ਤਗੜੇ ਵਿਪਾਰੀ ਸਨ। ਕੰਮ ਕਰਦਿਆਂ ਘਾਟਾ ਪੈ ਗਿਆ। ਲਹਿਣੇਦਾਰਾਂ ਤੰਗ ਕੀਤਾ ਤਾਂ ਜੇਬ ਕੁਤਰੇ ਜਾਣ ਦਾ ਬਹਾਨਾ ਬਣਾ ਦੀਵਾਲਾ ਕੱਢ ਦਿੱਤਾ। ਸਤਿਗੁਰੂ ਪ੍ਰਤਾਪ ਸਿੰਘ ਨੇ ਤੇਜਾ ਸਿੰਘ ਪਾਸੋਂ ਪੁੱਛਿਆ ਤਾਂ ਸੰਤ ਤੇਜਾ ਸਿੰਘ ਆਪਣੇ ਦੋਸ਼ ਮੰਨ ਲਿਆ ਤੇ ਕਿਹਾ ਕਿਰਪਾ ਨਿਧਾਨ ਇਹ ਜੇਬ ਕੁਤਰਨ ਵਾਲੀ ਮੇਰੀ ਘਾੜਤ ਸੀ ਤਾਂ ਕਿ ਸਾਹੂਕਾਰਾਂ ਤੋਂ ਪੱਲਾ ਛੁਡਾ ਸਕਾਂ, ਜੇ ਸੱਚੇ ਪਾਤਸ਼ਾਹ ਕਿਰਪਾ ਕਰਨ ਤਾਂ ਪਾਈ ਪਾਈ ਤਕ ਚੁਕਾ ਦੇਵਾਂ। ਲੈਣੇ ਵਾਲੇ ਸ਼ਾਹਾਂ ਨੂੰ ਰੁਪਏ ਵਿੱਚੋਂ ਆਨਾ ਦੁਆਨੀ ਦੇ ਹਿਸਾਬ ਚੁਕਤਾ ਕਰ ਦਿੱਤਾ। ਸੱਚੇ ਪਾਤਸ਼ਾਹ ਮਿਹਰ ਕੀਤੀ, ਉਨ੍ਹਾਂ

ਹੈਦਰਾਬਾਦ ਜਾ ਕੇ ਕੰਮ ਸ਼ੁਰੂ ਕੀਤਾ। ਈਮਾਨਦਾਰੀ ਫਲ ਲਿਆਈ। ਉਹ ਮਾਇਆ ਲੈ ਗੁਜਰਾਂਵਾਲੇ ਜਾ ਕੇ ਜਿਨ੍ਹਾਂ ਲਹਿਣੇਦਾਰ ਆੜਤੀਆਂ ਲੈਣੇ ਉੱਤੇ ਲੀਕਾਂ ਫੇਰੀਆਂ ਹੋਈਆਂ ਸਨ। ਉਨ੍ਹਾਂ ਦਾ ਪੈਸਾ ਪੈਸਾ ਚੁਕਾਇਆ ਤੇ ਨਾਲ ਹੀ 20 ਹਜ਼ਾਰ ਗੁਰੂ ਕੇ ਲੰਗ ਵਿਚ ਪਾਇਅ। ਲੈਣਦਾਰ ਕਹਿ ਰਹੇ ਸਨ ਇਹ ਗੁਰੂ ਰਾਮ ਸਿੰਘ ਜੀ ਦਾ ਘਰ ਹੈ ਜਿੱਥੋਂ ਮੋਈਆਂ ਰਕਮਾਂ ਵੀ ਮਿਲਦੀਆਂ ਹਨ।

## ਸ: ਕਰਤਾਰ ਸਿੰਘ ਸੋਖੀ

ਸ: ਕਰਤਾਰ ਸਿੰਘ ਸੋਖੀ ਨੂੰ ਪਹਾੜ ਗੰਜ ਦੇ ਬਾਜ਼ਾਰ ਵਿੱਚੋਂ ਲੰਘਦਿਆਂ 800 ਰੁਪਿਆ ਮਿਲਿਆ। ਇਹ 1947 ਦੀ ਘਟਨਾ ਹੈ। ਸੋਖੀ ਸਾਹਿਬ ਨੇ ਬਟੂਆ ਜੇਬ ਵਿਚ ਨਹੀਂ ਪਾਇਆ। ਬਟੂਏ ਨੂੰ ਹੱਥ ਵਿਚ ਲਟਕਾਈ ਪਹਾੜ ਗੰਜ ਦੇ ਥਾਣੇ ਪੁੱਜੇ ਤੇ ਮਾਇਆ ਇੰਸਪੈਕਟਰ ਦੀ ਮੇਜ਼ ਤੇ ਰੱਖੀ ਤੇ ਸਾਰੀ ਗੱਲ ਦੱਸੀ। ਪੁਲਿਸ ਇੰਸਪੈਕਟਰ ਇਹ ਸੁਨਹਿਰੀ ਕਾਰਨਾਮਾ ਵੇਖ ਚਕ੍ਰਿਤ ਰਹਿ ਗਿਆ ਤੇ ਜਦ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਰਾਮ ਬਾਗ਼ ਦਰਸ਼ਨ ਦਿੱਤੇ ਤਾਂ ਇੰਸਪੈਕਟਰ ਆਪ ਦਰਸ਼ਨ ਕਰਨ ਗਿਆ ਤੇ ਚਰਨਾਂ ਤੇ ਮੱਥਾ ਟੇਕ ਸੋਖੀ ਸਾਹਿਬ ਦੇ ਕਰਤਵ ਦੀ ਪੁਰਜ਼ੋਰ ਸ਼ਬਦਾਂ ਵਿਚ ਪ੍ਰਸੰਸਾ ਕੀਤੀ, ਤੇ ਨਾਲ ਹੀ ਕਿਹਾ ਕਿ ਮਹਾਰਾਜ ਜੀ ਜੇ ਸਾਰੇ ਨਾਮਧਾਰੀਏ ਹੋ ਜਾਣ ਤਾਂ ਪੁਲਿਸ ਤੇ ਫ਼ੌਜ ਦੀ ਲੋੜ ਨਾ ਰਹਿ ਜਾਵੇ।

## ਸੰਤ ਨਿਹਾਲ ਸਿੰਘ ਖਾਪੜਖੇੜੀ

ਸੰਤ ਨਿਹਾਲ ਸਿੰਘ ਖਾਪੜਖੇੜੀ ਰਹਿੰਦਾ ਸੀ। ਉਸਨੇ ਇਕ ਸਾਹੂਕਾਰ ਪਾਸੋਂ ਪੈਸੇ ਉਧਾਰ ਲਏ। ਸਾਹੂਕਾਰ ਨਾਵਾ ਪੱਤਰਾ ਨਾ ਲਿਖਾਇਆ, ਕੁਝ ਸਮੇਂ ਉਪਰੰਤ ਸਾਹੂਕਾਰ ਪੈਸੇ ਮੰਗੇ ਪਰ ਨਿਹਾਲ ਸਿੰਘ ਹੱਥ ਜੋੜੇ ਤੇ ਕਿਹਾ ਅਜੇ ਮੇਰੇ ਕੋਲ ਨਹੀਂ ਹਨ। ਜਦ ਹੋਣਗੇ ਦਿਆਂਗਾ। ਦੂਜੀ ਵੇਰ ਸਾਹੂਕਾਰ ਪੁੱਛਿਆ ਤਾਂ ਇਹੋ ਉੱਤਰ ਸੀ, ਸਾਹੂਕਾਰ ਖਹਿੜੇ ਪੈ ਗਿਆ ਤੇ ਨਿਹਾਲ ਸਿੰਘ ਦੇ ਮਿੰਨਤ ਕਰਨ ਤੇ ਵੀ ਉਸ ਤੇ ਦਾਵਾ ਠੋਕ ਦਿੱਤਾ। ਪਰ ਕਚਹਿਰੀ ਵਿਚ ਨਿਹਾਲ ਸਿੰਘ ਮੁਕਰ ਗਿਆ। ਸਾਹੂਕਾਰ ਕੋਲ ਕੋਈ ਲਿਖਤ ਨਹੀਂ ਸੀ, ਉਸਦੀ ਅਰਜ਼ੀ ਖ਼ਾਰਜ ਹੋ ਗਈ। ਜਦ ਗੁਰੂ ਹਰੀ ਸਿੰਘ ਜੀ ਨੂੰ ਨਿਹਾਲ ਸਿੰਘ ਦੀ ਕਰਤੂਤ ਦਾ ਪਤਾ ਲੱਗਾ ਤਾਂ ਨਿਹਾਲ ਸਿੰਘ ਨੂੰ ਉਸੇ ਕਚਹਿਰੀ ਵਿਚ ਕਾਲਾ ਮੂੰਹ ਕਰ ਹਾਜ਼ਰ ਹੋ, ਸੱਚੋ ਸੱਚ ਕਹਿਣ ਦਾ ਆਦੇਸ਼ ਦਿੱਤਾ। ਭਾਈ ਨਿਹਾਲ ਸਿੰਘ ਉਵੇਂ ਕੀਤਾ ਤੇ ਕਚਹਿਰੀ ਵਿਚ ਪੇਸ਼ ਹੋਇਆ। ਜੱਜ ਹੈਰਾਨ ਪਰੇਸ਼ਾਨ ਹੋਇਆ। ਤੇ ਕੁਰਸੀ ਤੇ ਬੈਠੇ ਹੀ ਸਤਿਗੁਰੂ ਹਰੀ ਸਿੰਘ ਜੀ ਨੂੰ ਨਮਸਕਾਰ ਕੀਤੀ ਤੇ ਕਿਹਾ ਧੰਨ ਹਨ ਗੁਰੂ ਜੀ ਜਿਹੜੇ ਆਪਣੇ ਸਿੱਖਾਂ ਨੂੰ ਸੱਚੇ ਤੇ ਧਰਮੀ ਪੁਰਸ਼ ਬਨਾਉਣ ਵਿਚ ਤਤਪਰ ਰਹਿੰਦੇ ਹਨ।

## ਸ: ਰੀਡਾ ਸਿੰਘ ਚੰਦੋਵਾਲ

ਸ੍ਰ: ਰੰਡਾ ਸਿੰਘ ਚੰਦੋਵਾਲ ਦੇ ਉੱਘੇ ਸਿੱਖ ਸਨ। ਉਨ੍ਹਾਂ ਦਾ ਨਿਯਮ ਸੀ ਕਿ ਜਦ ਤਕ ਕਿਸੇ ਸਿੱਖ ਨੂੰ ਪ੍ਰਸ਼ਾਦ ਨਾ ਛਕਾ ਲੈਣ ਆਪ ਵੀ ਨਹੀਂ ਛੱਕਦੇ ਸਨ। ਇਕ ਸਮੇਂ ਸਤਿਗੁਰਾਂ ਇਹ ਲੀਲਾ ਕੀਤੀ। ਕੋਈ ਸਾਧੂ ਉਨ੍ਹਾਂ ਦਾ ਸਪੁੱਤਰ ਤੇਜਾ ਸਿੰਘ ਕਿਸੇ ਸਾਧੂ ਫ਼ਕੀਰ ਨੂੰ ਲੱਭਣ ਨਿਕਲਿਆ ਤਾਂ ਇਕ ਗੁਰੂ ਦਾ ਲਾਲ ਨਾਰੋਵਾਲ ਕਿਸੇ ਜ਼ਰੂਰੀ ਕੰਮ ਜਾਂਦਾ ਨਜ਼ਰੀਂ ਆਇਆ। ਤੇਜਾ ਸਿੰਘ ਚਰਨ ਪਰਸੇ ਤੇ ਘਰ ਚਲ ਪ੍ਰਸ਼ਾਦ ਛੱਕਣ ਲਈ ਬੇਨਤੀ ਕੀਤੀ ਪਰ ਰਾਹੀ ਸਿੱਖ ਨੇ ਕਿਹਾ ਮੈਂ ਜ਼ਰੂਰੀ ਕੰਮ ਜਾ ਰਿਹਾ ਹਾਂ, ਅਜੇ ਘਰ ਨਹੀਂ ਜਾ ਸਕਦਾ। ਜਦ ਇਕ-ਦੋ ਵੇਰ ਅਰਜ਼ ਕਰਨ ਤੇ ਵੀ ਸਿੱਖ ਨਾ ਮੰਨਿਆ ਤਾਂ ਤੇਜਾ ਸਿੰਘ ਫਿਸ ਪਿਆ ਤੇ ਆਖਿਆ ਤੂੰ ਮੇਰੇ ਬਾਪੂ ਨੂੰ ਮਾਰਨਾ ਚਾਹੁੰਦਾ ਹੈਂ? ਸਿੱਖ ਬੜਾ ਹੈਰਾਨ ਹੋਇਆ ਤੇ ਕਾਰਨ ਪੁੱਛਿਆ ਤਾਂ ਤੇਜਾ ਸਿੰਘ ਨੇ ਲੜਖੜਾਂਦੇ ਧੀਮੀ ਆਵਾਜ਼ ਵਿਚ ਕਿਹਾ, ਮੇਰਾ ਬਾਪੂ ਜਦ ਤਾਈਂ ਕਿਸੇ ਸਾਧੂ ਸੰਤ ਨੂੰ ਪ੍ਰਸ਼ਾਦਾ ਛਕਾ ਨਾ ਲਵੇ, ਆਪ ਵੀ ਨਹੀਂ ਛੱਕਦਾ। ਅੱਜ 8 ਦਿਨ ਹੋ ਗਏ ਹਨ ਕਿ ਸਾਧੂ ਸੰਤ ਚਰਨ ਨਹੀਂ ਪਾਏ ਤੇ ਮੇਰੇ ਬਾਪੂ ਵੀ ਵਰਤ ਰੱਖੀ ਬੈਠੇ ਹਨ। ਬੱਚੇ ਦੀ ਗੱਲ ਸੁਣ ਸਿੱਖ ਦੀਆਂ ਅੱਖਾਂ ਤਰ ਹੋ ਗਈਆਂ ਤੇ ਤੇਜਾ ਸਿੰਘ ਦੇ ਨਾਲ ਟੁਰ ਪਿਆ, ਪ੍ਰਸ਼ਾਦ ਛੱਕਿਆ ਤੇ ਸੰਤ ਰੰਡਾ ਸਿੰਘ ਜੀ ਨੂੰ ਸ਼ਾਂਤੀ ਆਈ।

## ਫਤਹਿ ਸਿੰਘ

ਮਾਛੀ ਦੇ ਜ਼ਿਲ੍ਹਾਂ ਸ਼ੇਖੂਪੁਰਾ, ਪਾਕਿਸਤਾਨ ਵਿਚ ਇਕ ਫਤਿਹ ਸਿੰਘ ਜੀ ਰਹਿੰਦੇ ਸਨ। ਵਾਹੀ ਕਰ ਗੁਜ਼ਾਰਾ ਕਰਦਾ ਸੀ। ਰੇਲਵੇ ਸਟੇਸ਼ਨ ਦੇ ਲਾਗੇ ਹੋਣ ਕਾਰਨ, ਉਸਦੇ ਘਰੋਂ ਨਾਮਧਾਰੀ ਜਲ-ਪ੍ਰਸ਼ਾਦਾ ਛੱਕਦੇ ਸਨ। ਲੰਗਰ ਲੱਗਾ ਰਹਿੰਦਾ, ਰੌਣਕਾਂ ਬਣੀਆਂ ਰਹਿੰਦੀਆਂ। ਉਹ ਪਰਿਵਾਰ ਖੇਤਾਂ ਵਿਚ ਕੰਮ ਕਰਨ ਬਾਹਰ ਜਾਵੇ ਤਾਂ ਘਰ ਦੀ ਕੁੰਜੀ ਇਕ ਐਸੀ ਜਗ੍ਹਾ ਰਖ ਜਾਂਦਾ ਜਿੱਥੋਂ ਆਏ ਸਾਧ ਕੁੰਜੀ ਲੈ, ਦਰਵਾਜ਼ਾ ਖੋਲ੍ਹ ਜਲ-ਪ੍ਰਸ਼ਾਦਾ ਛੱਕਦੇ। ਇਕ ਸਮੇਂ ਇਕ ਜਥਾ ਉਤਰਿਆ, ਉਸਨੂੰ ਚਾਬੀ ਨਾ ਮਿਲੀ ਤਾਂ ਸਿੰਘ ਚੂਥੀ ਪੁੱਟ ਅੰਦਰ ਚਲੇ ਗਏ ਤੇ ਲੰਗਰ ਤਿਆਰ ਕਰਨ ਲੱਗੇ। ਜਦ ਸੰਤ ਖੇਤਾਂ ਵਿੱਚੋਂ ਘਰ ਵਾਪਸ ਮੁੜੇ ਤਾਂ ਚੂਥੀ ਪੁੱਟੀ ਵੇਖੀ ਤਾਂ ਸਿੰਘਾਂ ਨੂੰ ਲੰਗਰ ਤਿਆਰ ਕਰਦਿਆਂ ਵੇਖਿਆ ਤਾਂ ਮਸਤਾਨਾ ਹੋ ਗਿਆ ਤੇ ਚਰਨ ਛੂਏ ਤੇ ਮੂੰਹੋਂ ਇਹੋ ਕਿਹਾ, ਤੁਸੀਂ ਠੀਕ ਗੁਰੂ ਰਾਮ ਸਿੰਘ ਦਾ ਘਰ ਜਾਣਿਆ ਹੈ, ਤੁਹਾਥੋਂ ਬਲਿਹਾਰ?

## ਸੰਤ ਗੁਰਬਖਸ਼ ਸਿੰਘ

ਕੋਟਲੀ ਅਰੂੜੇ ਜ਼ਿਲ੍ਹਾ ਗੁਜਰਾਂਵਾਲਾ ਸੰਤ ਗੁਰਬਖਸ਼ ਸਿੰਘ ਰਹਿੰਦੇ ਸਨ। ਬੜੇ ਸ਼ਰਧਾਵਾਨ ਤੇ ਸਿਦਕੀ। ਆਏ ਸਿੱਖਾਂ ਨੂੰ ਜਲ-ਪ੍ਰਸ਼ਾਦ ਛਕਾ ਛਕਾ ਪ੍ਰਸੰਨ ਹੋਣਾ। ਜੇ ਸਾਧ ਜਾਣ ਲੱਗਣ ਤਾਂ ਉਨ੍ਹਾਂ ਦੇ ਗੜਵੇ ਗੁਟਕੇ ਤੇ ਕਛਹਿਰੇ ਲੁਕਾ ਦੇਣੇ ਤਾਂ ਕਿ ਉਹ ਜਾ ਨਾ ਸਕਣ ਤੇ ਗੁਰੂ ਕਾ ਜਸ ਹੁੰਦਾ ਰਹੇ।

## ਸੋਭਾ ਸਿੰਘ ਸੰਘਿਆ ਦਾ

ਪਿੰਡ ਸੰਘੀਂ ਗੁਰੂ ਕੇ ਲਾਲ ਸੰਤ ਸੋਭਾ ਸਿੰਘ ਜੀ ਸਤਿਜੁਗੀ ਸੁਭਾਓ ਦੇ ਸੱਜਣ ਸਨ। ਉਨ੍ਹਾਂ ਦਾ ਘਰ ਬਾਰ ਸਭ ਗੁਰੂ ਕੇ ਲੇਖੇ ਗੁਰੂ ਕੇ ਘੋੜੇ ਤੇ ਘੋੜੀਆਂ ਵਾਸਤੇ ਖੁੱਲ੍ਹੇ ਖੇਤ, ਜਿਵੇਂ ਚਾਹੁਣ ਤਿਵੇਂ ਖਾਣ ਪੀਣ। ਤੇ ਗੁਰੂ ਕੇ ਸੇਵਕਾਂ ਵਾਸਤੇ ਭਾਂਡਿਆਂ ਵਿਚ ਸ੍ਰਦਾਈ ਬਾਦਾਮ, ਖੰਡ, ਘਿਓ। ਇਨ੍ਹਾਂ ਦਾ ਕੰਮ ਕੇਵਲ ਖ਼ਾਲੀ ਭਾਂਡੇ ਭਰਨਾ ਤੇ ਸੇਵਕਾਂ ਵਾਸਤੇ ਖ਼ਾਲੀ ਕਰਨਾ।

## ਸ: ਸੇਵਾ ਸਿੰਘ ਤੇ ਮਨਮੋਹਣ ਸਿੰਘ ਤੰਬੂਆਂ ਵਾਲੇ

ਸ: ਸੇਵਾ ਸਿੰਘ ਤੇ ਮਨਮੋਹਣ ਸਿੰਘ ਤੰਬੂਆਂ ਵਾਲੇ ਮਾਮੇ ਭਣੇਵੇ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਤੁਠ ਪਏ ਤੇ ਬੜੀਆਂ ਖ਼ੁਸ਼ੀਆਂ ਬਖਸ਼ੀਆਂ। ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਦੇ ਪਾਤਰ ਹਨ। ਕਾਰ ਵਿਹਾਰ ਦੇ ਸੁੱਚੇ ਹਨ। ਮਨਮੋਹਣ ਮਾਮੇ ਦਾ ਬੜਾ ਅਦਬ ਰਖਦਾ ਹੈ ਤੇ ਜੇ ਕੋਈ ਬਚਨ ਕਰ ਆਵੇ ਤਾਂ ਉਸ ਤੇ ਤਨੋਂ ਮਨੋਂ ਪਹਿਰਾ ਦੇਂਦਾ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਇਹ ਆਪਣੇ ਕੰਮ ਨੂੰ ਸਤਿਗੁਰੂ ਦਾ ਕੰਮ ਸਮਝਦੇ ਹਨ। 1984 ਦੇ ਦੰਗੇ ਸਮੇਂ ਕੋਈ 8-10 ਲੱਖ ਦਾ ਮਾਲ ਸੜ ਗਿਆ, ਪਰ ਚਿੰਤਾ ਨਹੀਂ ਹੋਈ ਤੇ ਸ਼ੁਕਰ ਸ਼ੁਕਰ ਕਰਦਿਆਂ ਕੇਵਲ ਇਤਨਾ ਕਿਹਾ, ਇਹ ਲੀਲਾ ਸਤਿਗੁਰਾਂ ਦੀ ਹੈ, ਸਾਡਾ ਕੰਮ ਹੈ ਵਿਹਾਰ ਕਰਨਾ, ਘਾਟੇ ਵਾਧੇ ਉਨ੍ਹਾਂ ਦੇ ਹਨ, ਮਨ ਤੇ ਭਾਰ ਨਹੀਂ ਪੈਣ ਦਿੱਤਾ। ਸਤਿਗੁਰਾਂ ਦਿੱਲੀ ਦੇ ਹੋਲੇ ਸਮੇਂ ਉਪਰ ਦੱਸੇ ਘਾਟੇ ਦੇ ਬਾਵਜੂਦ 51 ਹਜ਼ਾਰ ਉਗ੍ਰਾਹੀ ਵਾਸਤੇ ਕਿਹਾ ਤਾਂ ਸੀਸ ਚਰਨਾਂ ਤੇ ਰਖ ਦਿੱਤਾ ਜੇ 1987 ਦੇ ਅਸੂੰ ਦੇ ਜਪ-ਪ੍ਰਯੋਗ ਦੀ ਸੇਵਾ ਵਾਸਤੇ ਬਚਨ ਕੀਤਾ ਤੇ ਧੰਨ ਭਾਗ ਜਾਣੇ।

## ਬੇਟ ਦਾ ਸਿੰਘ

ਬੇਟ ਵਿਚ ਇਕ ਨਾਮਧਾਰੀ ਸਿੰਘ ਦੀ ਪੈਲੀ ਵਿਚ ਦੂਸਰੇ ਜਿਮੀਂਦਾਰ ਦੇ ਖੇਤ ਵਿੱਚੋਂ ਖ਼ਰਬੂਜੇ ਦੀ ਵੇਲ ਆ ਗਈ ਤੇ ਉਸ ਨਾਲ ਬੜਾ ਮਿੱਠਾ ਤੇ ਸਵਾਦੀ ਖ਼ਰਬੂਜਾ ਲੱਗਾ। ਸਿੰਘ ਨੇ ਉਸ ਖ਼ਰਬੂਜੇ ਨੂੰ ਤੋੜ ਉਸ ਦੇ ਘਰ ਪਹੁੰਚਾਇਆ,

ਜਿਸਦੇ ਖੇਤ ਵਿਚ ਵੇਲ ਉੱਗੀ ਸੀ। ਨਾਮਧਾਰੀ ਲੋਕ ਗ਼ਲਤੀ ਨਾਲ ਬਗਾਨੇ ਖੇਤ ਦਾ ਰਿੱਝਾ ਸਾਗ ਵੀ ਨਹੀਂ ਖਾਇਆ ਕਰਦੇ ਸਨ, ਸਗੋਂ ਅਸਲ ਮਾਲਕਾਂ ਦੇ ਘਰ ਪਹੁੰਚਾਂਦੇ ਸਨ।

## ਸੰਤ ਜਵਾਹਰ ਸਿੰਘ

ਬੂੜੇ ਡਲੇ ਮਾਈ ਬਸੰਤ ਕੌਰ ਰਹਿੰਦੀ ਸੀ। ਉਸ ਦੇ ਘਰ ਕੋਹੜ ਦੀ ਬਿਮਾਰੀ ਸੀ। ਉਸ ਦੇ ਬੱਚੇ ਨੂੰ ਕੋਈ ਸਾਕ ਨਾ ਦੇਵੇ। ਮਾਈ ਸੰਤ ਜਵਾਹਰ ਸਿੰਘ ਪਾਸ ਝੁਰੀ ਕਿ ਸੰਤ ਜੀ ਮੇਰੇ ਘਰ ਦੀ ਵੇਲ ਵਧਾਓ ਕੋਈ ਰਾਹ ਨਈਂ ਲੱਭਦਾ। ਸੰਤ ਖਾਨੋਮਲੀ ਆਪਣੀ ਦੋਹਤਰੀ ਪਾਸ ਗਏ ਤੇ ਬੀਬੀ ਦਾ ਸਾਕ ਮੰਗਿਆ। ਬੀਬੀ ਨੇ ਕਿਹਾ ਬਾਪੂ ਜੀ ਸਾਕ ਜਿੱਥੇ ਮਰਜ਼ੀ ਕਰ ਆਓ, ਪਰ ਬਸੰਤ ਕੌਰ ਦੇ ਪੁੱਤਰ ਨਾਲ ਨਾ ਕਰਨਾ, ਉਨ੍ਹਾਂ ਦੇ ਘਰ ਸਰਾਪ ਕਾਰਨ ਕੋੜ੍ਹ ਹੈ। ਸੰਤਾਂ ਨੇ ਕਿਹਾ ਕੋੜ੍ਹ ਮੈਂ ਲੈਂਦਾ ਹਾਂ, ਤੂੰ ਫ਼ਿਕਰ ਨਾ ਕਰ। ਸੰਤਾਂ ਕੋਹੜ ਲੈਣ ਦਾ ਅਰਦਾਸਾ ਕੀਤਾ, ਮੁੰਡੇ ਦਾ ਮੰਗਣਾ ਹੋ ਗਿਆ। ਸੰਤਾਂ ਦੀ ਦੇਹ ਤੇ ਕੋਹੜ ਚਲਾ ਗਿਆ ਤੇ ਓਸੇ ਬਿਮਾਰੀ ਨਾਲ ਚੜੇ। ਲੜਕੇ ਦੀ ਦੇਹ ਕੁੰਦਨ ਵਰਗੀ ਹੋ ਗਈ।

## ਸੰਤ ਕਿਸ਼ਨ ਸਿੰਘ ਛੂਤੀਏ

ਸੰਤ ਕਿਸ਼ਨ ਸਿੰਘ ਛੂਤੀਏ ਬੜੇ ਪ੍ਰਸਿੱਧ ਸਾਧੂ ਹੋਏ ਹਨ। ਉਹ ਕਿਸੇ ਨਗਰ ਤੋਂ ਦੂਜੇ ਨਗਰ ਜਾ ਰਹੇ ਸਨ ਕਿ ਸੜਕ ਵਿਚ ਦੋਪਹਿਰ ਵੇਲੇ ਬਲਦ ਨੂੰ ਧੁੱਪੇ ਬੇਚੈਨ ਲੇਟਿਆ ਵੇਖਿਆ। ਸੰਤ ਬਲਦ ਕੋਲ ਰੁਕ ਗਏ, ਗੜ੍ਹਵਿਆਂ ਨਾਲ ਕੱਢ ਪਹਿਲਾਂ ਜਲ ਛਕਾਇਆ, ਮੁੜ ਉਸਦੀ ਸੱਜੀ ਲੱਤ ਵੇਖ ਅਰਦਾਸ ਕੀਤੀ। ਹੇ ਸਤਿਗੁਰੂ ਰਾਮ ਸਿੰਘ ਜੀ ਇਸ ਬਲਦ ਦੀ ਦਰਦ ਮੈਨੂੰ ਲੱਗ ਜਾਵੇ ਤੇ ਇਹ ਗ਼ਰੀਬ ਰਾਜ਼ੀ ਹੋ ਜਾਵੇ। ਸੰਤਾਂ ਦੀ ਅਰਦਾਸ ਪ੍ਰਵਾਨ ਹੋ ਗਈ ਬਲਦ ਉਠ ਚਰਨੀਂ ਲੱਗ ਪਿਆ ਤੇ ਸੰਤ ਜੀ ਲੰਗੜਾ ਕੇ ਤੁਰਨ ਲੱਗੇ ਤੇ ਇਹ ਦਰਦ ਸੰਤਾਂ ਦੇ ਨਾਲ ਗਈ।

## ਸ: ਆਤਮਾ ਸਿੰਘ ਨਾਮਧਾਰੀ

ਸ: ਆਤਮਾ ਸਿੰਘ ਨਾਮਧਾਰੀ ਪੰਥ ਵਿਚ ਦਾਨੀ ਵੀਰ ਹੋਏ ਹਨ। ਉਨ੍ਹਾਂ ਦੇ ਮਹਿਲਾਂ ਵਿਚ ਹਿੰਦੂ, ਮੁਸਲਿਮ ਸਾਧੂ ਸੰਤ ਵਾਸਤੇ ਸਦਾ ਲੰਗਰ ਚੱਲਦਾ ਰਹਿੰਦਾ। ਹਰ ਵਕਤ ਦੋ ਗਏ, ਚਾਰ ਆਏ। ਹਰ ਧਰਮ ਵਾਲੇ ਨੂੰ ਉਸਦੇ ਅਕੀਦੇ ਅਨੁਸਾਰ ਤੀਰਥ ਯਾਤਰਾ ਵਾਸਤੇ ਪ੍ਰਬੰਧ ਕਰ ਦੇਂਦੇ। ਇਕ ਵੇਰ ਗੋਲੜੇ ਦੇ ਪੀਰ ਵਾਸਤੇ ਹਜ ਕਰਨ ਹਿਤ ਹਵਾਈ ਜਹਾਜ਼ ਦੀ ਟਿਕਟ ਦਾ ਪ੍ਰਬੰਧ

ਕੀਤਾ। ਦੇਵਨੇਤ ਕੁਹਮਰੀ ਸੜਕ ਤੇ ਇਕ ਟਰੱਕ ਨੂੰ ਅੱਗ ਲੱਗ ਗਈ। ਗ਼ਰੀਬ ਡਰਾਈਵਰ ਲਈ ਓਹੋ ਜੀਵਨ ਸਹਾਰਾ ਸੀ। ਟਰੱਕ ਦੇ ਸੜਨ ਨਾਲ ਉਸਨੂੰ ਸੰਸਾਰ ਅੰਨ੍ਹੇਰਾ ਜਾਪਣ ਲੱਗਾ। ਉਹ ਸੜਦੇ ਟਰੱਕ ਵਿਚ ਛਾਲ ਮਾਰ ਮਰਨ ਲੱਗਾ। ਸ੍ਰ: ਆਤਮਾ ਸਿੰਘ ਉਸਦੇ ਲੱਕ ਨੂੰ ਜਾ ਜੱਫਾ ਮਾਰਿਆ ਤੇ ਆਖਿਆ ਇਹ ਟਰੱਕ ਤੇਰਾ ਨਹੀਂ ਸੜਿਆ। ਇਹ ਮੇਰਾ ਸੜਿਆ ਹੈ ਤੈਨੂੰ ਟਰੱਕ ਨਵਾਂ ਮਿਲ ਜਾਵੇਗਾ। ਸਰਦਾਰ ਦੇ ਸੁਨੇਹੀਆਂ ਸਰਦਾਰ ਦੀ ਪ੍ਰਸੰਸਾ ਕੀਤੀ ਪਰ ਇਸਦਾ ਇੱਕੋ ਜਵਾਬ ਸੀ, ਸਤਿਗੁਰੂ ਮਾਇਆ ਦੇ ਮਾਲਕ ਹਨ। ਮੈਂ ਉਨ੍ਹਾਂ ਦੇ ਖਜ਼ਾਨੇ ਵਿੱਚੋਂ ਵਰਤਦਾ ਹਾਂ ਜਿਸ ਵਿਚ ਸਦਾ ਵਾਧਾ ਰਹਿੰਦਾ ਹੈ।

## ਸੇਠ ਲੱਧਾ ਸਿੰਘ

ਗੁਜਰਾਂਵਾਲੇ ਸਠੇ ਲੱਧਾ ਸਿੰਘ ਤੇ ਭਗਵਾਨ ਸਿੰਘ ਦਾ ਪਰਿਵਾਰ ਵਸਦਾ ਸੀ। ਲੱਖਾਂ ਵਿਚ ਖੇਡਦਾ ਸੀ। ਪਰ ਜੇ ਲੜਕੀ ਵਾਸਤੇ ਵਰ ਲੱਭਣਾ ਹੋਵੇ ਤਾਂ ਗ਼ਰੀਬ ਨਾਮਧਾਰੀ। ਇਸੇ ਤਰ੍ਹਾਂ ਇਕ ਸੰਤ ਬਿਸ਼ਨ ਸਿੰਘ ਨਾਲ ਪੁੱਤਰੀ ਦਾ ਸਾਕ ਕੀਤਾ। ਭਾਨਿ ਪਾਣ ਵਾਲਿਆਂ ਬਿਸ਼ਨ ਸਿੰਘ ਨੂੰ ਕਿਹਾ, ਸੇਠ ਜੀ ਹਰਨਾਮ ਸਿੰਘ ਤੇ ਚੜ੍ਹ ਗਿਆ ਹੈ ਤੇ ਮਕਾਨ ਗਹਿਣੇ ਪਿਆ ਹੋਇਆ ਹੈ, ਪਰ ਸਿਦਕ ਵਾਨ ਸੰਤ ਨੇ ਕਿਹਾ, ਭਲਿਆ ਲੋਕਾ ਮਕਾਨ ਗਹਿਣੇ ਹੈ, ਮੁੰਡਾ ਤਾਂ ਗਹਿਣੇ ਨਹੀਂ ਪਿਆ ਹੋਇਆ। ਸਭ ਨੂੰ ਸਤਿਗੁਰ ਦਾ ਆਸਰਾ ਏ। ਠੋਕ ਮਾਰਨ ਵਾਲਾ ਆਪਣਾ ਮੂੰਹ ਲੈ ਕੇ ਬਹਿ ਗਿਆ।

## ਸ: ਤੇਜਾ ਸਿੰਘ

ਸ: ਤੇਜਾ ਸਿੰਘ ਕਸਟਮ ਆਫ਼ੀਸਰ ਦਾ ਨੌਜਵਾਨ ਪੁੱਤਰ ਚੜ੍ਹਾਈ ਕਰ ਗਿਆ। ਕੋਈ ਸ਼ੋਕ ਨਹੀਂ ਕੀਤਾ, ਕੋਈ ਅਫ਼ਸੋਸ ਨਹੀਂ ਦਰਸਾਇਆ। ਸਗੋਂ ਆਪ ਢੋਲਕੀ ਗਲ ਪਾ ਸ਼ਬਦ ਕੀਰਤਨ ਕਰਦਿਆਂ ਦੇਹ ਦਾ ਸਸਕਾਰ ਕੀਤਾ। ਜਦੋਂ ਤੇਰ੍ਹਵੇਂ ਦਿਨ ਭੋਗ ਸਮੇਂ ਰਾਗੀ ਸਿੰਘ ਮਾਰੂ ਦੇ ਸ਼ਬਦ ਪੜ੍ਹਨ ਲੱਗੇ ਤਾਂ ਸਰਦਾਰ ਜੀ ਨੇ ਰਾਗੀਆਂ ਨੂੰ ਟੋਕਦਿਆਂ ਕਿਹਾ, ਕੁੱਤਿਓ, ਮਰਾਸੀਓ ਮੰਗਲਾਚਰਨ ਦੇ ਸ਼ਬਦ ਪੜ੍ਹੋ, ਇਹ ਮਾਰੂ ਕਿਉਂ ਤੁਹ ਦਿੱਤਾ ਜੇ।

## ਗੁਰਬਖਸ਼ ਸਿੰਘ ਲੀਡਰ

ਸੰਤ ਗੁਰਬਖਸ਼ ਸਿੰਘ ਟਰੱਕ ਦੇ ਮਾਲਕ ਹਨ। ਚੰਗੇ ਘਰਾਨੇ ਵਿੱਚੋਂ ਹਨ। ਉਨ੍ਹਾਂ ਦਾ ਅਠ੍ਹਾਰਾਂ ਉਨ੍ਹੀਂ ਸਾਲ ਦਾ ਲੜਕਾ ਗੋਰਾ, ਟਰੱਕ ਨਾਲ ਸਰਸੇ ਵੱਲ ਜਾ ਰਿਹਾ ਸੀ। ਮਹਿਮ ਕੋਲ ਜਾ ਕੇ ਟਰੱਕ ਹਾਦਸੇ ਦੇ ਸ਼ਿਕਾਰ ਹੋ ਗਿਆ। ਗੁਰਬਖਸ਼ ਸਿੰਘ ਦੁਖਦਾਈ ਖ਼ਬਰ ਸੁਣ ਘਬਰਾਇਆ ਨਹੀਂ। ਹਾਦਸੇ ਵਾਲੇ ਥਾਂ ਤੇ ਪੁੱਜ ਗੋਰੇ ਦੇ ਮਾਸ ਦੇ ਟੁਕੜੇ ਹੱਥਾਂ ਨਾਲ ਇਕੱਠੇ ਕੀਤੇ। ਝੋਲੀ ਵਿਚ

ਪਾਇਆ ਪਰ ਅੱਖ ਨਹੀਂ ਗਿੱਲੀ ਹੋਣ ਦਿੱਤੀ। ਜੇ ਕਿਸੇ ਅਫ਼ਸੋਸ ਕੀਤਾ ਤਾਂ ਬੜੇ ਠਰੰਮੇ ਨਾਲ ਕਹਿਣਾ ਇਹ ਸਤਿਗੁਰ ਦੇ ਭਾਣੇ ਵਿਚ ਗਿਆ ਹੈ। ਭਾਣੇ ਅੱਗੇ ਸਦਾ ਸਿਰ ਨਿਵਾਣਾ ਚਾਹੀਦਾ ਹੈ।

## ਸ: ਅਮਰ ਸਿੰਘ

ਸ: ਅਮਰ ਸਿੰਘ ਵੱਡੇ ਕਾਰਖਾਨੇਦਾਰ ਜਲੰਧਰ ਵਿਚ ਵਸਦੇ ਸਨ। ਚੜਨ ਤੋਂ ਪਹਿਲਾਂ ਸਰੀਰ ਢਿੱਲਾ ਹੋ ਗਿਆ। ਦਿੱਲੀ ਹਸਪਤਾਲ ਆ ਕੇ ਸਵਾਸ ਬੰਦ ਹੋ ਗਏ। ਪਰਿਵਾਰ ਤੇ ਡਾਕਟਰਾਂ ਸਮਝਿਆ ਸਿੰਘ ਚੜ ਗਿਆ ਏ, ਪਰ ਕੁਝ ਸਮੇਂ ਉਪਰੰਤ ਸਵਾਸ ਮੁੜ ਆਏ ਤੇ ਸਾਰੇ ਪਰਿਵਾਰ ਨੂੰ ਕਿਹਾ ਕਿ ਮੈਂ ਦਰਗਾਹੋਂ ਮੁੜ ਆਇਆ ਹਾਂ, ਉੱਥੇ ਸਭ ਤੋਂ ਵਧੇਰੇ ਸੁੱਖ ਨਾਮਧਾਰੀਆਂ ਨੂੰ ਹਨ। ਆਪਣੇ ਪੁੱਤਰਾਂ ਨੂੰ ਸਿੱਧੀਆਂ ਪੱਗਾਂ ਕਰਨ ਦੀ ਪ੍ਰੇਰਣਾ ਕੀਤੀ। ਕੁਝ ਨੇ ਸੱਚ ਤੇ ਕੁਝ ਨੇ ਦਿਮਾਗ਼ ਵਿਚ ਦੀ ਚੂਲ ਢਿੱਲੀ ਸਮਝੀ। ਦਵਾਈ ਦੇਣ ਵਾਲੀ ਨਰਸ ਨੂੰ ਕਿਹਾ, ਬੀਬੀ ਤੇਰਾ ਮੇਰਾ ਲਹਿਣਾ ਦੇਣਾ ਮੁੱਕ ਗਿਆ ਹੈ ਮੈਂ ਦਵਾਈ ਨਹੀਂ ਖਾਣੀ। ਮੈਂ 22 ਦਸੰਬਰ ਨੂੰ ਇਤਨੇ ਮਿੰਟ ਤੇ ਸੈਕੰਟਾਂ ਤੇ ਸਰੀਰ ਛੱਡਾਂਗਾ ਬਹੁਤਿਆਂ ਤੇ ਕਮਲ ਜਾਣਿਆ ਉਤਨੇ ਦਿਨ ਦਵਾਈ ਨਹੀਂ ਖਾਧੀ। ਠੀਕ ਦਸੰਬਰ ਦੀ ਦੱਸੀ ਤਾਰੀਖ਼ ਤੇ ਸਮੇਂ ਤੇ ਸਭ ਨੂੰ ਸਤਿ ਸ੍ਰੀ ਅਕਾਲ ਬੁਲਾ ਅਸਲ ਠਕਾਣੇ ਤੇ ਚਲਾ ਗਿਆ। ਡਾਕਟਰ ਦੀ ਘੜੀ ਨਾਲ ਕੇਵਲ ਦੋ ਸੈਕੰਟਾਂ ਦਾ ਫ਼ਰਕ ਪਿਆ। ਜਦ ਸੱਚੇ ਪਾਤਸ਼ਾਹ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਦਸਿਆ ਗਿਆ ਤਾਂ ਉਨ੍ਹਾਂ ਸੁਭਾਵਕ ਕਿਹਾ, ਡਾਕਟਰ ਦੀ ਘੜੀ ਗ਼ਲਤ ਹੋ ਸਕਦੀ ਹੈ, ਸਿੱਖ ਦਾ ਦੱਸਿਆ ਸਮਾਂ ਗ਼ਲਤ ਨਹੀਂ ਹੋ ਸਕਦਾ।

## ਰਾਮ ਵਿਜੋਗੀ

ਸਤਿਗੁਰੂ ਰਾਮ ਸਿੰਘ ਜੀ ਦੀ ਯਾਦ ਹਰ ਕੂਕੇ ਨੂੰ ਸਤਾਉਂਦੀ ਰਹਿੰਦੀ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸਤਿਗੁਰਾਂ ਦੀ ਯਾਦ ਨਾਲ ਨੇਤਰ ਸਜਲ ਹੋ ਜਾਂਦੇ ਸਨ। ਜਿਸ ਕੂਕੇ ਨੂੰ ਦੇਖੋ ਉਸਦੇ ਬੁਲ੍ਹ ਫਰਕਦੇ ਦਿੱਸਣਗੇ ਜਿਨ੍ਹਾਂ ਨੂੰ ਪੂਰੇ ਧਿਆਨ ਨਾਲ ਸੁਣਨ ਤੇ ਇਨ੍ਹਾਂ ਸ਼ਬਦਾਂ ਦੀ ਗੂੰਜ ਕੰਨਾਂ ਵਿਚ ਪਏਗੀ।

**ਸਜਣਾਂ! ਨੈਣ ਮੇਰੇ ਸਿਕਦੇ ਨਹੀਂ ਰਹਿੰਦੇ,**
**ਅਠੇ ਪਹਿਰ ਰਿਯੋਗ ਸਜਣ ਦਾ,**
**ਇਹ ਵਿਛੋੜਾ ਨਹੀਂ ਸਹਿੰਦੇ।**
**ਇਕ ਪਲ ਪਿਆਰਾ ਨਦਰ ਨ ਆਵੇ,**
**ਨਦੀਆਂ ਨੀਰ ਵਹਿੰਦੇ।**
**ਦੇਹ ਪਿਆਰਿਆ ਦਰਸ਼ਨ ਛੇਤੀ,**
**ਨੈਣ ਮੁਸ਼ਤਾਰ ਨੇ ਚਹਿੰਦੇ।**

## ਬਾਬਾ ਜਵਾਹਰ ਸਿੰਘ

ਨੰਬਰਦਾਰੀ ਦੀ ਬੋ ਹੋਵੇ, ਤੇ ਮਰਯਾਦਾ ਦੇ ਉਲੰਘਣ ਕਾਰਨ ਮੂੰਹ ਕਾਲਾ ਕਰੇ, ਇਹ ਮਹਾਰਾਜਾ ਰਣਜੀਤ ਸਿੰਘ ਜਾਂ ਬਾਬਾ ਜਵਾਹਰ ਸਿੰਘ ਟੇਈ, ਮਿੰਟਗੁਮਰੀ (ਪਾਕਿਸਤਾਨ) ਦੇ ਹਿੱਸੇ ਆਇਆ ਹੈ। ਇਲਾਕੇ ਵਿਚ ਮੰਨਿਆ ਪ੍ਰਮੰਨਿਆ, ਰਾਜ ਦਰਬਾਰੇ ਆਦਰ-ਮਾਣ ਪਰ ਗੁਰੂ ਹਰੀ ਸਿੰਘ ਦੇ ਚਰਨਾਂ ਦਾ ਸੇਵਕ। ਇਕ ਸਮੇਂ ਬਾਬਾ ਜੀ ਕਿਸੇ ਸੇਵਕ ਨੂੰ ਕਹਿ ਮਾਖਿਓਂ ਦਾ ਛੱਤਾ ਲੁਹਾਇਆ ਤੇ ਸ਼ਹਿਦ ਵਰਤ ਲਿਆ। ਸੰਤਾਂ ਦਾ ਜਵਾਈ ਗੁਰਮੁਖ ਸਿੰਘ ਟੇਈ ਗਿਆ ਤੇ ਪਤਾ ਲੱਗਾ ਕਿ ਨੰਬਰਦਾਰ ਨੇ ਮਾਖਿਓਂ ਲੁਹਾਈ ਹੈ। ਇਹ ਗੁਰੂ ਜੀ ਦੇ ਹੁਕਮ ਦੇ ਵਿਰੁੱਧ ਹੈ। ਗੁਰਮੁਖ ਸਿੰਘ ਸੁਹਰੇ ਨਾਲ ਗਰਮ ਹੋ ਪਿਆ ਕਿ ਤੇਰੇ ਘਰੋਂ ਅੰਨ-ਜਲ ਨਹੀਂ ਛੱਕਣਾ, ਤੂੰ ਤਨਖਾਈਆਂ ਹੈਂ। ਨੰਬਰਦਾਰ ਅੰਦਰ ਗੁਰੂ ਜੀ ਦਾ ਹੱਥ ਸੀ, ਉਸ ਕਿਹਾ, ਮੈਨੂੰ ਤਨਖ਼ਾਹ ਲਾਓ, ਮੈਂ ਤਿਆਰ ਹਾਂ। ਗੁਰਮੁਖ ਸਿੰਘ ਕਿਹਾ ਤੂੰ ਇਕ ਪਿੰਡ ਉਜਾੜਿਆ ਹੈ, ਤੂੰ ਘਰ ਘਰ ਜਾ, ਦਾਣਿਆਂ ਦੀ ਮੁੱਠ ਮੁੱਠ ਲੈ, ਉਸਦਾ ਲੰਗਰ ਕਰ। ਬਾਬੇ ਕਿਹਾ ਪ੍ਰਵਾਨ ਹੈ। ਬਾਬੇ ਗਲ ਵਿਚ ਕਫਣੀ ਪਾਈ। ਪਿੰਡ ਦਾ ਭਰਾਈ ਬੁਲਾਇਆ, ਉਹ ਅੱਗੇ ਅੱਗੇ ਢੋਲ ਵਜਾਂਦਾ ਜਾਏ। ਮਗਰ ਮਗਰ ਨੰਬਰਦਾਰ, ਉਸਦੇ ਪਿੱਛੇ ਮੁੰਡੀਰ ਵਾਹ। ਨੰਬਰਦਾਰ ਘਰ ਘਰ ਗਿਆ। ਦਾਣੇ ਇਕੱਠੇ ਕੀਤੇ ਬਾਕੀ ਘਰੋਂ ਪਾਏ ਲੰਗਰ ਕੀਤਾ ਤੇ ਮੰਗਤਿਆਂ ਨੂੰ ਖੁਆਇਆ ਤਾਂ ਗੁਰਮੁਖ ਸਿੰਘ ਸਹੁਰੇ ਘਰੋਂ ਪ੍ਰਸ਼ਾਦਾ ਛੱਕਿਆ ਤੇ ਬਖਸ਼ ਬੰਦੀ ਹੋਈ। ਲੋਕੀਂ ਤ੍ਰਾਸ ਤ੍ਰਾਸ ਕਰ ਰਹੇ ਸਨ, ਨੰਬਰਦਾਰ ਸ਼ਾਂਤ ਚਿੱਤ ਜ਼ਰਾ ਭਾਨ ਨਹੀਂ ਪਈ। ਜਵਾਹਰ ਸਿੰਘ ਦਾ ਇਕ ਸਫ਼ੈਦ ਪੋਸ਼ ਗੂੜਾ ਮਿੱਤਰ ਸੀ, ਉਸ ਨੰਬਰਦਾਰ ਨੂੰ ਕਿਹਾ, ਉਹ ਕਿਹੜਾ ਕਮਲਾ ਹੈ, ਜਿਸ ਤੈਨੂੰ ਘਰ ਘਰ ਫਿਰਾਇਆ ਹੈ, ਮੈਂ ਹੁਣੇ ਠੀਕ ਕਰਦਾ ਹਾਂ, ਤੇਰਾ ਇਸ਼ਾਰਾ ਚਾਹੀਦਾ ਹੈ। ਪਰ ਨੰਬਰਦਾਰ ਜਵਾਹਰ ਸਿੰਘ ਦਾ ਨਿਮਰਤਾ ਪੂਰਵਕ ਉੱਤਰ ਸੀ, ਸਰਦਾਰ ਸਾਹਿਬ, ਇਹ ਸਾਡਾ ਧਾਰਮਿਕ ਮਾਮਲਾ ਹੈ, ਤੁਸੀਂ ਭਰਮ ਨ ਕਰੋ।

## ਗੁਰਮੁਖ ਸਿੰਘ

ਸਤਿਗੁਰੂ ਰਾਮ ਸਿੰਘ ਜੀ ਹੁਕਮ ਦਿੱਤਾ ਕਿ ਵਿਧਵਾ ਇਸਤਰੀ ਪਤੀ ਬਿਨਾ ਨਾ ਰਹੇ, ਸਭ ਮਾਈਆਂ ਕਿਸੇ ਸਿੱਖ ਨਾਲ ਚੱਕਰ ਪਾ ਲੈਣ। ਇਹ ਹੁਕਮ ਸੁਣ ਸੰਤ ਗੁਰਮੁਖ ਸਿੰਘ, ਆਪਣੀ ਵਿਧਵਾ ਮਾਤਾ ਨੂੰ ਕਿਹਾ, ਮਾਤਾ ਜੀ! ਸੱਚੇ ਪਾਤਸ਼ਾਹ ਦਾ ਹੁਕਮ ਹੈ ਕੋਈ ਵਿਧਵਾ ਇਸਤਰੀ ਪਤੀ ਬਿਨਾਂ ਨਾ ਰਹੇ। ਤੁਸੀਂ ਕੋਈ ਸਿੱਖ ਪਸੰਦ ਕਰ ਲਵੋ। ਮਾਤਾ ਜੀ ਨੇ ਕਿਹਾ, ਪੁੱਤ ਜਿਸ ਨੂੰ ਤੂੰ ਕਹਿ ਦੇਵੇਂ ਮੈਂ ਉਸ ਨੂੰ ਸਿਰ ਦਾ ਸਾਂਈਂ ਚੁਣ ਲਵਾਂਗੀ ਤੇ ਸੇਵਾ ਕਰਾਂਗੀ।

ਗੁਰਮੁਖ ਸਿੰਘ ਆਪਣੀ ਮਾਤਾ ਦਾ ਅਰਦਾਸਾ ਸੰਤ ਝਾਬਾ ਸਿੰਘ ਨਾਲ ਕਰ ਦਿੱਤਾ। ਉਨ੍ਹਾਂ ਦੋਹਾਂ ਸ੍ਰੀ ਭੈਣੀ ਸਾਹਿਬ ਰਹਿ ਸੇਵਾ ਕੀਤੀ। ਮਾਤਾ ਭਾਂਡੇ ਮਾਂਜਦੀ, ਸੰਤ ਹੋਰ ਸੇਵਾ ਕਰਦੇ ਤੇ ਸ਼ਬਦੇ ਕੀਰਤਨ ਕਰਦਿਆਂ ਦਿਨ ਬਤੀਤ ਕੀਤੇ। ਧੰਨ ਸਿੱਖੀ।

ਇਸੇ ਤਰ੍ਹਾਂ ਦੀ ਇਕ ਹੋਰ ਘਟਨਾ ਹੈ ਕਿ ਸਤਿਗੁਰਾਂ ਹੁਕਮ ਕੀਤਾ ਕਿ ਬੇਦਾ ਦੇ ਫੇਰੇ ਪ੍ਰਵਾਨ ਨਹੀਂ। ਲੋਹਦਘਰੀ ਦੇ ਸਰਦਾਰ, ਲਾਲ ਸਿੰਘ ਗੁਮਟੀ ਨੇ ਆਪਣੀ ਪਤਨੀ ਪ੍ਰਤਾਪ ਕੌਰ ਨਾਲ ਦੁਬਾਰਾ ਲਾਵਾਂ ਲਈਆਂ। ਪੁੱਤਰ ਧੰਨਾ ਸਿੰਘ ਤੇ ਹਰੀ ਸਿੰਘ ਨੇ ਲਾਵਾਂ ਪੜ੍ਹੀਆਂ। ਪੂਰਾ ਆਨੰਦ ਕਾਰਜ ਹੋਇਆ। ਲੋਕਾਈ ਮੂੰਹ ਵਿਚ ਉਂਗਲਾਂ ਪਾ ਰਹੀ ਸੀ ਕਿ ਅਜਬ ਪੰਥ ਏ। ਮਾਂ-ਪਿਓ ਲਾਵਾਂ ਲੈ ਰਹੇ ਤੇ ਪੁੱਤਰ ਲਾਵਾਂ ਪੜ੍ਹ ਰਹੇ ਹਨ।

## ਫਤਹ ਸਿੰਘ

ਫਤਹ ਸਿੰਘ ਪਹਿਲਵਾਨ ਦੀਆਂ ਧੁੰਮਾਂ ਭਾਰਤ ਵਿਚ ਸਨ। ਕੋਈ ਪਹਿਲਵਾਨ ਦਮ ਨਹੀਂ ਸੀ ਭਰ ਸਕਦਾ। ਜਿਧਰੋਂ ਲੰਘੇ ਥਰ ਥਰ ਧਰਤੀ ਕੰਬਦੀ ਸੀ। ਬਲ ਇਤਨਾ ਸੀ ਕਿ ਅਖਾੜੇ ਵਿਚ ਕੁਝ ਪਹਿਲਵਾਨ ਕਸਰਤ ਕਰ ਰਹੇ ਸਨ। ਲਾਗੇ ਹੀ ਇਹ ਲੋਹੇ ਦਾ ਗਾਡਰ ਪਿਆ ਸੀ। ਇਕ ਪਾਸਿਉਂ ਫੜ ਦੂਹਰਾ ਕਰ ਦਿੱਤਾ ਤੇ ਪਹਿਲਵਾਨਾਂ ਨੂੰ ਕਿਹਾ, ਮਾਂ ਦਿਓ ਪੁੱਤੋ! ਇਸ ਨੂੰ ਕਰੋ ਸਿੱਧਾ। ਪਰ ਇਹ ਤਾਂ ਉਨ੍ਹਾਂ ਦੇ ਬਾਪ ਤੋਂ ਸਿੱਧਾ ਨਹੀਂ ਸੀ ਹੋ ਸਕਦਾ।

ਇਸੇ ਪਹਿਲਵਾਨ ਜਦ ਗੁਰੂ ਹਰੀ ਸਿੰਘ ਦੇ ਦਰਸ਼ਨ ਕੀਤੇ ਤਾਂ ਇਤਨਾ ਆਗਿਆਕਾਰੀ ਹੋ ਗਿਆ ਕਿ ਸਿੱਖਣੀ ਨੂੰ ਮੋਢਿਆਂ ਤੇ ਚੱਕੀ ਫਿਰੇ। ਇਕ ਸਮੇਂ ਸ੍ਰੀ ਭੈਣੀ ਸਾਹਿਬ ਗਿਆ ਤਾਂ ਮਨ ਵਿਚ ਧਾਰੀ ਕਿ ਜਾਂਦਿਆਂ ਦੁੱਧ ਮਿਲੇ। ਇਸ ਖ਼ਿਆਲ ਵਿਚ ਸ੍ਰੀ ਭੈਣੀ ਸਾਹਿਬ ਪੁੱਜ ਗਿਆ, ਡੇਰੇ ਪੁੱਜਣ ਤੋਂ ਪਹਿਲਾਂ ਇਕ ਖੂਹ ਤੇ ਹੱਥ ਮੂੰਹ ਧੋਣ ਲਈ ਗੜ੍ਹਵਾ ਵਹਾਇਤਾ ਤਾਂ ਗੜ੍ਹਵਾ ਦੁੱਧ ਦਾ ਭਰਿਆ ਆਇਆ। ਦੁੱਧ ਵੇਖ ਪਹਿਲਵਾਨ ਦੀ ਨਿਸ਼ਾ ਹੋ ਗਈ। ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕੀਤੇ, ਮਨ ਹੋਰ ਸ਼ਾਂਤ ਹੋ ਗਿਆ।

ਭਲਵਾਨ ਦਾ ਵਰਤਾਰਾ ਆਪਣੀ ਸਿੱਖਣੀ ਮਾਨ ਕੌਰ ਨਾਲ ਕੋਈ ਚੰਗਾ ਨਹੀਂ। ਵਿਚਾਰੀ ਡਰਦੀ ਮਾਰੀ ਸੁੰਘੜੀ ਰਹਿੰਦੀ। ਉਸਨੇ ਅੰਦਰੋਂ ਗੁਰੂ ਜੀ ਦੇ ਚਰਨਾਂ ਵਿਚ ਭਲਵਾਨ ਦਾ ਮਨ ਫੇਰਨ ਵਾਸਤੇ ਅਰਜ਼ ਕੀਤੀ। ਜਦ ਭਲਵਾਨ ਛੁੱਟੀ ਮੰਗੀ ਤਾਂ ਅੰਤਰਜਾਮੀ ਗੁਰੂ ਜੀ ਮਾਨ ਕੌਰ ਨੂੰ ਕਿਹਾ, ਮਾਨੋ ਚੜ ਜਾਂ ਭਲਵਾਨ ਦੇ ਮੋਢਿਆਂ ਤੇ। ਪਹਿਲਾਂ ਤਾਂ ਉਹ ਵਿਚਾਰੀ ਸੋਚੀਂ ਪੈ ਗਈ। ਪਰ ਜਦ ਮੁੜ ਬਚਨ ਦੁਹਰਾਇਆ ਤਾਂ ਮਾਨ ਕੌਰ ਮੋਢਿਆਂ ਤੇ ਚੜ੍ਹ ਬੈਠੀ। ਗੁਰੂ ਜੀ ਦੀ ਬਖਸ਼ਿਸ਼ ਨੇ ਫਤਹ ਸਿੰਘ ਦਾ ਮਨ ਇਤਨਾ ਨਿਰਮਲ ਹੋ ਚੁੱਕਾ ਸੀ। ਉਸਦਾ ਤਾਮਸੀ ਸੁਭਾਓ ਉੱਡ ਚੁੱਕਾ ਸੀ। ਉਹ ਇਕ ਵਾਰ ਵੀ ਮੂੰਹੋਂ ਨਹੀਂ

ਉਭਾਸਰਿਆ ਤੇ ਨਮਸਕਾਰ ਕਰ ਮੋਢਿਆਂ ਤੋਂ ਚੱਕੀ ਵਾਪਸ ਮੁੜਿਆ। ਫਿਰ ਕਦੇ ਗ਼ੁੱਸੇ ਦੇ ਭੂਤ ਫੇਰਾ ਨਾ ਪਾਇਆ। ਮਾਨ ਕੌਰ ਪ੍ਰਸੰਨਚਿਤ ਦਿਨ ਬਤੀਤ ਕਰਨ ਲੱਗੀ। ਪਰ ਭਲਵਾਨ ਜਦ ਕਦੇ ਬਾਹਰ ਜਾਵੇ ਤਾਂ ਮਾਨ ਕੌਰ ਨੂੰ ਮੋਢਿਆਂ ਤੇ ਚੁੱਕ ਲੈ ਜਾਂਦਾ ਤਾਂ ਲੋਕਾਂ ਦੀਆਂ ਗੱਲਾਂ ਦੀ ਪਰਵਾਹ ਨਾ ਕਰਦਾ।

## ਰੀਗਾ ਸਿੰਘ

ਸੰਤ ਰੰਗਾ ਸਿੰਘ, ਗੁਰੂ ਦੇ ਦੁਲਾਰੇ ਨੌਸ਼ਹਿਰੇ (ਪਾਕਿਸਤਾਨ) ਵਿਚ ਵੱਸਦੇ ਸਨ। ਉਨ੍ਹਾਂ ਦੇ ਮਹਿਲਾਂ ਦਾ ਨਾਉਂ ਵੀ ਰੰਗੀ। ਦੰਪਤੀ ਗੁਰੂ ਗੁਰੂ ਜਪਦੇ ਤੇ ਦਸਾਂ ਨਹੁੰਆਂ ਦੀ ਕਿਰਤ ਕਰਦੇ। ਇਕ ਰਾਤ ਚੋਰਾਂ ਪਾੜ ਲਾਇਆ ਤੇ ਮਾਲ ਅਸਬਾਬ ਬੰਨ੍ਹਿਆ। ਪਰ ਜਿਹੜਾ ਸਿੱਖ ਗੁਰੂ ਦਾ ਹੋ ਜਾਵੇ, ਗੁਰੂ ਵੀ ਉਸਦਾ ਹੋ ਜਾਂਦਾ ਹੈ ਤੇ ਹਰ ਪ੍ਰਕਾਰ ਦੀ ਕ੍ਰਿਪਾ ਦ੍ਰਿਸ਼ਟੀ ਰੱਖਦਾ ਹੈ। ਜਦ ਚੋਰ ਪੰਡਾਂ ਬੰਨ੍ਹ ਟੁਰਨ ਲੱਗੇ ਤਾਂ ਇਕ ਕਾਲਾ ਨਾਗ ਪਤਾ ਨਹੀਂ ਕਿੱਥੋਂ ਆ ਗਿਆ। ਉਸ ਨੇ ਇਕ ਚੋਰ ਦੀ ਲੱਤ ਤੇ ਡੰਗ ਮਾਰਿਆ। ਡੰਗ ਵਜਦਿਆਂ ਹੀ ਉਹ ਧਰਤੀ ਤੇ ਡਿੱਗ ਪਿਆ। ਉਸ ਨੂੰ ਡਿਗਦਿਆਂ ਵੇਖ ਬਾਕੀ ਚੋਰ ਨੌ ਦੋ ਯਾਰ੍ਹਾਂ ਹੋ ਗਏ।

ਸਵੇਰ ਹੋਈ। ਨਗਰ ਵਿਚ ਰੌਲਾ ਪੈ ਗਿਆ, ਸ਼ਾਹਾਂ ਘਰ ਚੋਰ ਪਏ, ਪਰ ਅੱਲਾ ਉਨ੍ਹਾਂ ਦੀ ਰਾਖੀ ਕੀਤੀ, ਚੋਰ ਮਰ ਗਿਆ, ਮਾਲ ਦੀਆਂ ਪੰਡਾਂ ਬਜੀਆਂ ਪਈਆਂ। ਗੁਰਮੁਖ ਪਿਆਰੇ ਮਾਲਾ ਫੇਰਨ। ਪੁਲਿਸ ਆਈ। ਉਸ ਆਪਣੀ ਕਾਰਵਾਈ ਕੀਤੀ ਤੇ ਮੁੜ ਗਈ।

ਸੰਤਾਂ ਅੰਦਰ ਗੁਰੂ ਕਾ ਹੱਥ ਸੀ। ਉਨ੍ਹਾਂ ਕਿਹਾ ਇਹ ਮਾਲ ਗੁਰੂ ਕਿਆਂ ਦਾ ਹੈ। ਉਨ੍ਹਾਂ ਬਚਾਇਆ ਹੈ, ਉਸ ਨੂੰ ਅਸੀਂ ਨਹੀਂ ਵਰਤਣਾ। ਰੰਗਾ ਸਿੰਘ ਗੁਰੂ ਹਰੀ ਸਿੰਘ ਜੀ ਦੇ ਚਰਨਾਂ ਵਿਚ ਹਾਜ਼ਰ ਹੋਏ ਤੇ ਸਾਰੀ ਵਾਰਤਾ ਸੁਣਾਈ, ਗੁਰੂ ਜੀ ਬਚਨ ਕੀਤਾ 'ਸਾਧਾ! ਤੇਰੇ ਤੇ ਗੁਰੂ ਰਾਮ ਸਿੰਘ ਜੀ ਦੀ ਬਖਸ਼ਿਸ਼ ਹੈ। ਉਨ੍ਹਾਂ ਤੇਰੀ ਰਖਿਆ ਕੀਤੀ ਹੈ। ਉਨ੍ਹਾਂ ਪ੍ਰੇਮੀਆਂ ਉਹ ਧਨ ਆਪ ਨਹੀਂ ਵਰਤਿਆ ਸਾਧ ਸੰਗਤ ਨੂੰ ਬੁਲਾ ਹੌਲਾ ਕਰ ਦਿੱਤਾ ਤੇ ਮਸਤੀ ਵਿਚ ਨੱਚਦੇ ਕਹਿਣ, ਇਸ ਵਿਚ ਸਾਡਾ ਕੀ, ਸਾਧ ਸੰਗਤ ਦਾ ਮਾਲ ਸਾਧ ਸੰਗਤ ਦੇ ਲੇਖੇ।

## ਸਾਉਣ ਸਿੰਘ

ਜ਼ਰ, ਜੋਰੂ, ਜ਼ਮੀਨ ਦੁਨੀਆਂ ਵਿਚ ਪਵਾੜੇ ਦੀਆਂ ਜੜ੍ਹਾਂ ਹਨ। ਖ਼ੂਨੀਆਂ ਇੰਨਾ ਗਾਲ ਦਿੱਤੀਆਂ ਹਨ ਪਰ ਗੁਰੂ ਕੇ ਲਾਲਾਂ ਇਸ ਨੂੰ ਲੱਤ ਹੇਠੋਂ ਲੰਘਾ ਦਿੱਤਾ।

ਬਾਰ ਦੇ ਇਲਾਕੇ ਸੰਤ ਸਾਵਣ ਸਿੰਘ ਸਦੋਵਾਲ (ਪਾਕਿਸਤਾਨ) ਬਾਦਸ਼ਾਹ ਸੀ। ਦਸ ਮੁਰੱਬਿਆਂ ਦਾ ਮਾਲਕ ਖ਼ੂਬ ਲਹਿਰ ਬਹਿਰ। ਗੁਰੂ ਕੀਆਂ ਸੰਗਤਾਂ

ਵੀ ਤੁਰੀਆਂ ਰਹਿੰਦੀਆਂ। ਪਰ ਦਿਲ ਦਾ ਗ਼ਰੀਬ ਚੜ੍ਹਾਈ ਕਰਨ ਤੋਂ ਪਹਿਲਾਂ ਅੱਧੀ ਜ਼ਮੀਨ ਲੋੜਵੰਦਾਂ ਸੰਬੰਧੀਆਂ ਵਿਚ ਵੰਡ ਦਿੱਤੀ। ਢਾਈ ਮੁਰੱਬੇ ਸ਼ੰਕਰ ਸਿੰਘ, ਸਵਾ ਮੁਰੱਬਾ ਲਹਿਣਾ ਸਿੰਘ ਤੇ ਸਵਾ ਮੁਰੱਬਾ ਕਨਯਾ ਸਿੰਘ ਦੇ ਨਾਉਂ ਲਵਾ ਦਿੱਤਾ, ਤਾਂਕਿ ਉਹ ਗੁਰੂ ਕੇ ਲਾਲ ਮੌਜ ਬਹਾਰ ਕਰਨ ਤੇ ਗੁਰੂ ਦਾ ਜਸ ਗਾਣ।

## ਵਿਰਸਾ ਸਿੰਘ

ਇਸੇ ਤਰ੍ਹਾਂ ਦਾ ਦੂਲਾ ਸਰਦਾਰ ਨੌਸ਼ਹਿਰੇ (ਪਾਕਿਸਤਾਨ) ਦਾ ਵਿਰਸਾ ਸਿੰਘ ਵੱਸਦਾ ਸੀ। ਖਾਣਾ-ਪੀਣਾ ਤੇ ਮਾੜ-ਧਾੜ। ਇਹ ਸ਼ੁਗਲ ਮੇਲਾ ਸੀ। ਇਸਨੂੰ ਮਿਲ ਗਿਆ ਗੁਰੂ ਕਾ ਲਾਲ ਮੱਘਰ ਸਿੰਘ, ਕਿਰਤੀ, ਸੁੱਚਾ ਮੋਤੀ। ਮੱਘਰ ਸਿੰਘ ਪ੍ਰੇਰਨਾ ਕੀਤੀ, ਉਹ ਸਾਧ ਸੰਗਤ ਵਿਚ ਜਾਣ ਲੱਗ ਪਿਆ, ਮੁੜ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਦਾ ਭੌਰਾ ਬਣ ਗਿਆ। ਸੁੱਕਾ ਕੌਲ ਟਹਿਲ ਉੱਠਿਆ।

ਸਤਿਗੁਰੂ ਪ੍ਰਤਾਪ ਸਿੰਘ ਜੀ ਵੰਡਾਰੇ ਤੋਂ ਪਹਿਲਾਂ ਵਾਪਰਨ ਵਾਲੇ ਘੱਲੂਘਾਰੇ ਤੋਂ ਪਹਿਲਾਂ ਸਿੰਘ ਦੇ ਧਨ, ਮਾਲ ਤੇ ਬਹੂ-ਬੇਟੀਆਂ ਦੀ ਇੱਜ਼ਤ ਨੂੰ ਬਚਾਉਣ ਲਈ ਹਿਸਾਰ ਦੇ ਜ਼ਿਲ੍ਹੇ ਵਿਚ ਜ਼ਮੀਨ ਖ਼ਰੀਦਣ ਦਾ ਪ੍ਰਬੰਧ ਕੀਤਾ ਤੇ 5500/- ਰੁਪਿਆ ਪ੍ਰਤੀ ਮੁਰੱਬਾ ਦੇ ਹਿਸਾਬ ਨਾਲ ਸਿੱਖਾਂ ਪਾਸੋਂ ਇਕੱਤਰ ਕੀਤਾ। ਵਿਰਸਾ ਸਿੰਘ ਆਪ ਜ਼ਮੀਨ ਵਾਸਤੇ ਪੈਸੇ ਜਮ੍ਹਾ ਕਰਾਏ ਤੇ ਨਾਲ ਹੀ ਮੱਘਰ ਸਿੰਘ ਨੂੰ ਜ਼ਮੀਨ ਖ਼ਰੀਦਣ ਲਈ ਕਿਹਾ। ਮੱਘਰ ਸਿੰਘ ਕਿਹਾ, ਸਰਦਾਰਾ! ਅਸੀਂ ਵੈਹਤਰਾਂ ਵਾਲੇ ਕਿਵੇਂ ਜ਼ਮੀਨ ਖ਼ਰੀਦ ਸਕਦੇ ਹਾਂ। ਤੁਸੀਂ ਬਾਦਸ਼ਾਹ ਲਵੋ ਮੁਰੱਬੇ ਤੇ ਮਾਣੋ ਮੌਜਾਂ। ਪਰ ਵਿਰਸਾ ਸਿੰਘ ਅੰਦਰ ਮੱਘਰ ਸਿੰਘ ਦੇ ਪਰਉਪਕਾਰ ਨਾਲੋਂ ਹੋਰ ਕੋਈ ਸ਼ੈ ਪਿਆਰੀ ਨਹੀਂ ਲੱਗਦੀ ਸੀ। ਉਸ ਕਿਹਾ ਕਿ ਮੱਘਰ ਸਿੰਘ ਦਾ ਉਧਾਰ ਲਾਹੁਣ ਦਾ ਹੋਰ ਚੰਗਾ ਮੌਕਾ ਨਹੀਂ। ਉਸ ਨੇ ਆਪਣੇ ਜ਼ਮੀਨ ਗਹਿਣੇ ਰਖ 5500/- ਰੁਪਿਆ ਇਕੱਠਾ ਕਰਕੇ ਮੱਘਰ ਸਿੰਘ ਦੇ ਨਾਉ ਜਮ੍ਹਾ ਕਰਾ ਦਿੱਤਾ ਤੇ ਕਿਹਾ ਸਾਧਾ ਮੈਂ ਤੇਰੇ ਉਪਕਾਰ ਕਈ ਜਨਮ ਧਾਰ ਕੇ ਵੀ ਨਹੀਂ ਦੇ ਸਕਦਾ। ਤੂੰ ਸਾਨੂੰ ਨਰਕ ਤੋਂ ਬਚਾਇਆ। ਇਸਦਾ ਇਵਜਾਨਾ ਸਤਿਗੁਰੂ ਜੀ ਤੈਨੂੰ ਬਖਸ਼ਣ।

ਜਦ ਵੰਡਾਰੇ ਉਪਰੰਤ ਸਿੰਘ ਜੀ ਜੀਵਨ ਨਗਰ ਜਾ ਵਸੇ ਤਾਂ ਮੱਘਰ ਸਿਘ, ਵਿਰਸਾ ਸਿੰਘ ਕੋਲ ਮਾਇਆ ਵਾਪਸ ਕਰਨ ਗਿਆ ਤਾਂ ਵਿਰਸਾ ਸਿੰਘ ਚਰਨਾਂ ਨੂੰ ਹੱਥ ਲਾਂਦਿਆਂ ਕਿਹਾ, ਮੱਘਰ ਸਿੰਘਾ। ਤੇਰੇ ਉਪਕਾਰ ਦਾ ਕੋਈ ਮੁੱਲ ਨਹੀਂ। ਜੋ ਤੂੰ ਮੈਨੂੰ ਸਿੱਖੀ ਮਾਰਗ ਵਾਲੇ ਪਾਸੇ ਨਾ ਲਾਂਦੋ ਤਾਂ ਮੇਰੀ ਜ਼ਮੀਨੀ ਪਿਆਲੀ ਵਿਚ ਡੁੱਬ ਜਾਂਦੀ ਸੀ। ਤੇਰੀ ਕਿਰਪਾ ਨਾਲ ਮੈਂ ਸੰਭਲ ਗਿਆ ਤੇ ਅੱਜ ਗੁਰੂ ਜਸ ਕਰਦਾ ਸੌਖੇ ਦਿਨ ਗੁਜ਼ਾਰ ਰਿਹਾ ਹਾਂ। ਮੈਂ ਮਾਇਆ ਨਹੀਂ ਲੈਣੀ। ਤੇਰਾ ਤੇ ਸਤਿਗੁਰੂ ਦਾ ਕੋਟਾਨ ਕੋਟ ਧੰਨਵਾਦ।

## ਹਰਭਜਨ ਸਿੰਘ

ਨਾਮ ਜਪਣਾ ਤੇ ਠੇਕੇਦਾਰੀ ਇਕੱਠੇ ਨਹੀਂ ਹੋ ਸਕਦੇ। ਤੁਸੀਂ ਠੇਕੇਦਾਰਾਂ ਬਾਰੇ ਸੁਣਿਆ ਹੋਵੇਗਾ ਕਿ ਤਗੜਾ ਠੇਕੇਦਾਰ ਉਹ ਹੁੰਦਾ ਹੈ, ਜਿਸਨੇ ਨੌਸਰਬਾਜ਼ੀ ਦਾ ਕੋਰਸ ਪਾਸ ਕੀਤਾ ਹੋਵੇ। ਕੰਮ ਵੱਧ ਪੈਸੇ ਥੋੜ੍ਹੇ। ਪੁਲਿਸ ਨਾਲ ਰਲਦੀਆਂ ਚਰਨ। ਅਫ਼ਸਰਾਂ ਨਾਲ ਹੇਰਾ ਫੇਰੀ। ਪਰ ਸੰਤ ਹਰਭਜਨ ਸਿੰਘ ਉਨ੍ਹਾਂ ਠੇਕੇਦਾਰਾਂ 'ਚੋਂ ਹਨ। ਜਿਹੜੇ ਕੰਮ ਘੱਟ, ਪੈਸੇ ਵੱਧ। ਗਾਹੇ ਬਗਾਹੇ ਮਜਰੂ ਵਾਸਤੇ ਲੱਡੂ, ਪੇੜੇ, ਜਲੇਬੀ, ਤਾਜਾ ਬਤਾਸੇ। ਪਰ ਇਕ ਹੋਰ ਵਾਧਾ ਹੈ ਕਿ working hours ਵਿਚ ਇਕ ਘੰਟਾ ਸਿਮਰਨ ਕਰਾਂਦੇ ਹਨ, ਜਿਸਦੀ ਉਦਾਹਰਣ ਆਪ ਹੀ ਹਨ।

ਇਹ ਗੁਰਚਰਨ ਦੇ ਭੌਰੇ ਰਹਿੰਦੇ ਔਰੰਗਾਬਾਦ ਹਨ ਪਰ ਜਨਮ ਲਖਨਊ ਹੋਇਆ। ਇਨ੍ਹਾਂ ਦੇ ਮਾਤਾ ਪਿਤਾ ਦੇਵਤਾ ਸਰੂਪ ਸਨ, ਜਿਨ੍ਹਾਂ ਸੇਵਾ ਸਦਕਾ ਸਤਿਗੁਰੂ ਪ੍ਰਤਾਪ ਸਿੰਘ ਪਾਸੋਂ ਰੱਜਵੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ। ਅੱਜ ਮਾਇਆ ਅੱਗੇ ਪਿੱਛੇ ਫਿਰਦੀ ਹੈ' ਪਰ ਹੰਗਤਾ ਨੀਂ। ਪੱਕੇ ਸੋਥੀ ਹਨ, ਨਾਮ ਜਪਦੇ ਹਨ, ਦੂਸਰਿਆਂ ਪਾਸੋਂ ਜਪਾਂਦੇ ਹਨ, ਘਰ ਸਾਧੂ ਸੰਤ ਆ ਜਾਣ ਤਾਂ ਮਸਤੀ ਵਿਚ ਸਭ ਕੁਝ ਭੁੱਲ ਜਾਂਦੇ ਹਨ। ਨੌਕਰ ਚਾਕਰ ਹੁੰਦਿਆਂ ਹੱਥੀਂ ਸੇਵਾ ਕਰਕੇ ਰਾਜ਼ੀ ਹੁੰਦੇ ਹਨ।

## ਸ਼ੀਹਾ:- ਬੀ ਬਿਨਾਂ ਬੋਹਲ

ਇਸ ਸਾਇੰਸ ਦੇ ਯੁੱਗ ਵਿਚ ਇਤਨਾ ਕਹਿਣਾ ਮੂਰਖਾਂ ਦੇ ਮਹਿਲ ਵਿਚ ਵੱਸਣ ਵਾਲੀ ਗੱਲ ਹੈ। ਭਾਈ ਸ਼ੀਹਾ ਝੋਰੜੀ ਵੱਸਦਾ ਹੈ। ਗੁਰੂ ਕੀ ਮਿਹਰਾਂ ਸਨ। ਨਾਮ ਜਪਣਾ, ਧਰਮ ਦੀ ਕਿਰਤ, ਆਏ ਗਏ ਸਾਧ ਦੀ ਸੇਵਾ ਨਿਤ ਪ੍ਰਤੀ ਦਾ ਕਰਮਾ। ਇਕ ਸਮੇਂ ਕੁਝ ਨਾਮਧਾਰੀ ਸਿੰਘ, ਸ੍ਰੀ ਭੈਣੀ ਸਾਹਿਬ ਜਾਂਦੇ ਝੋਰੜੀਂ ਰੁਕੇ। ਕੁਦਰਤ ਵੀ ਖੇਡਾਂ ਕਰਦੀ ਹੈ। ਉਸ ਦਿਨ ਲੰਗਰ ਮਸਤ ਸੀ ਕੇਵਲ ਹਾੜੀ ਦੀ ਫਸਲ ਵਾਸਤੇ ਕਟਕ ਦਾ ਬੀ ਸੀ। ਕੁਰਬਾਨ ਜਾਈਏ ਸਾਧ ਤੋਂ। ਭਵਿੱਸ਼ ਨਹੀਂ ਸੋਚਿਆ। ਉਹ ਸਾਂਭਿਆਂ ਬੀ ਪੀਰਾਂ ਸੰਤਾਂ ਦਾ ਲੰਗਰ ਕਰ ਦਿੱਤਾ। ਸੰਤ ਛੱਕ ਤਾਂ ਗਏ ਪਰ ਪਛਤਾਵਾ ਬੜਾ ਲੱਗਾ ਕਿ ਸਾਧ ਨੇ ਘਰ ਦਾ ਬੀ ਖੁਆ ਦਿੱਤਾ ਏ। ਸ੍ਰੀ ਭੈਣੀ ਸਾਹਿਬ ਜਾ ਕੇ ਪੰਥ ਦੇ ਵਾਲੀ ਗੁਰੂ ਹਰੀ ਸਿੰਘ ਜੀ ਵਾਰਤਾ ਸੁਣਾਈ। ਗੁਰੂ ਜੀ ਵੀ ਗਦ ਗਦ ਹੋ ਉੱਠੇ, ਤੇ ਸਾਧਾਂ ਨੂੰ ਵਾਪਸੀ ਤੇ ਆਖਿਆ ਕਿ ਝੋਰੜੀ ਹੁੰਦੇ ਜਾਣ ਤੇ ਸਿੱਖ ਨੂੰ ਕਹਿਣਾ ਤੇਰਾ ਬੀ ਬੀਜਿਆ ਗਿਆ ਹੈ ਰਲਵਾਹਦੇ ਸਿੰਘ ਵਾਪਸੀ ਤੇ ਉੱਥੇ ਰੁਕੇ, ਤੇ ਗੁਰੂ ਜੀ ਦਾ ਬਚਨ ਸੁਣਾਇਆ। ਸ਼ੀਹੇ ਲੋਕਾਂ ਦੀਆਂ ਟਿਚਕਰਾਂ ਦੀਆਂ ਪ੍ਰਵਾਹ ਨਾ ਕਰਦਿਆਂ ਹਲ ਵਾਹ ਦਿੱਤਾ ਤੇ ਨਿਸਚਿੰਤ ਹੋ ਭਜਨ ਬਾਣੀ ਕਰਨ ਲੱਗਾ।

ਲੋਕਾਈ ਕਹੇ ਕਮਲਾ ਜੱਟ ਚਾਰ ਸਿਆਲ ਕੱਢ ਕਹਿੰਦਾ ਹੈ, ਕਿ ਹਾੜੀ ਬੀਜ ਦਿੱਤੀ ਵੇਖਾਂਗੇ ਜਦ ਬੋਹਲ ਘਰ ਲਿਆਵਾਂਗੇ। ਪਰ ਉਨ੍ਹਾਂ ਭੋਲਿਆਂ ਨੂੰ ਕੀ ਪਤਾ ਕਿ ਇਸ ਅਲੌਕਿਕ ਨਗਰੀ ਦੇ ਵਾਸੀ, ਰੁੱਖਾਂ ਨਾਲੋਂ ਲੱਡੂ, ਪੇੜੇ ਝਾੜ ਲੈਂਦੇ ਹਨ। ਇੱਥੇ ਅਗਨੀ ਦੇ ਭਾਂਬੜਾਂ ਵਿੱਚੋਂ ਬਰਫ਼ ਦੇ ਗੋਲੇ ਨਿਕਲ ਆਉਂਦੇ ਹਨ।

ਠੀਕ ਉਹੋ ਹੋਇਆ, ਜੋ ਭੋਲੇ ਲੋਕਾਂ ਦੀ ਅਕਲ ਤੋਂ ਬਾਹਰ ਸੀ। ਖੇਤ ਵਿਚ ਅੰਗੂਰ ਫੁਟੇ ਖੇਤ ਲਹਿ ਲਹਿ ਹੋ ਉੱਠਿਆ। ਭਰਪੂਰ ਸਿੱਟੇ ਨਿਕਲੇ ਸ਼ਾਹੇ ਕਣਕ ਵੱਢੀ ਗਾਹ ਪਾਇਆਂ ਲਾਲ ਮੋਤੀਆਂ ਦਾ ਢੇਰ ਲੱਗ ਗਿਆ। ਕੀ ਜ਼ਿਮੀਂਦਾਰ ਕੀ ਰਾਹਕ ਸਭ ਹੈਰਾਨ ਪਰੇਸ਼ਾਨ। ਬੀ ਪਇਆ ਨਹੀਂ ਬੋਲ ਸਭ ਤੋਂ ਉੱਚਾ। ਵਾਹ! ਮੇਰੇ ਕਰਤਾਰ ਤੇਰੇ ਰੰਗ ਨਿਆਰੇ।

## ਕਿਸ਼ਨ ਸਿੰਘ ਐਕਸੀਅਨ

ਤੀਰਥ ਯਾਤਰੀ: ਸਮੇਂ ਨੇ ਤੌਰ ਬਦਲ ਦਿੱਤੇ ਹਨ। ਸੁੱਖ ਦੀ ਲਾਲਸਾ ਮਨੁੱਖ ਨੂੰ ਪਾਗ਼ਲਾਂ ਵਿਚ ਲਿਆ ਖੜਾ ਕੀਤਾ ਹੈ। ਉੱਚਾ ਬੰਗਲਾ, ਅੰਬੈਸਡਰ ਕਾਰ, ਸਫ਼ਰ ਵਾਸਤੇ ਏਅਰ ਕੰਡੀਸ਼ੰਡ ਰੇਲ ਜਾਂ ਹਵਾਈ ਜਹਾਜ਼ ਦਾ ਸਫ਼ਰ, ਠਹਿਰਨ ਵਾਸਤੇ ਫਾਈਵ ਸਟਾਰ ਹੋਟਲ, ਜੇ ਕਦੇ ਤੀਰਥੀ ਜਾਣਾ ਹੋਵੇ ਤਾਂ ਉੱਥੇ ਵੀ ਆਲੀਸ਼ਾਨ ਕਮਰਾ। ਪਰ ਇਕ ਹਨ ਸ੍ਰ: ਕਿਸ਼ਨ ਸਿੰਘ ਐਕਸੀਅਨ, ਭੂਪਾਲ ਗੁਰੂ ਦੇ ਦੁਲਾਰੇ ਜਿਹੜੇ ਸ੍ਰੀ ਭੈਣੀ ਸਾਹਿਬ ਜਾਂ ਜੀਵਨ ਨਗਰ ਦੀ ਧਰਤੀ ਨੂੰ ਜੱਨਤ ਜਾਣਦੇ ਹਨ। ਉੱਥੇ ਜਾ ਕੇ ਰੇਤ ਦੇ ਬਿਸਤਰ ਨੂੰ ਫੁੱਲਾਂ ਦੀ ਸੇਜ ਨਾਲੋਂ ਵਧੇਰੇ ਸੁਖਦਾਈ ਸਮਝਦੇ ਹਨ, ਹੱਥ ਤੇ ਪ੍ਰਸ਼ਾਦਾ ਲੈ ਸੋਨੇ ਚਾਂਦੀ ਦੀਆਂ ਤਸ਼ਤਰੀਆਂ ਨਾਲੋਂ ਵਧੇਰੇ ਅਨੰਦ ਲੈਂਦੇ ਹਨ। ਉੱਥੋਂ ਚਰਨ ਧੂੜੀ ਨੂੰ ਸੰਜੀਵਨੀ ਨਾਲੋਂ ਵਡਮੁੱਲੀ ਦਾ ਦਰਜਾ ਦੇਂਦੇ ਹਨ।

ਇਕ ਸਮੇਂ ਕਿਸ਼ਨ ਸਿੰਘ ਜੀ ਦਰਸ਼ਨਾਂ ਨੂੰ ਸ੍ਰੀ ਭੈਣੀ ਸਾਹਿਬ ਆਏ। ਦੂਰੋਂ ਈ ਡੰਡੋਰਾ ਕਰਨ ਲੱਗੇ ਦੀਵਾਨ ਦੀ ਹਾਜ਼ਰੀ ਭਰੀ। ਲੰਗਰ ਵਿਚ ਹੱਥ ਤੇ ਪ੍ਰਸ਼ਾਦਾ ਲਿਆ, ਬੁਕ ਨਾਲ ਜਲ ਛਕਿਆ। ਸੂਰਜ ਆਬਨੂਸ ਦੇ ਮਹਿਲ ਵਿਚ ਚਲਾ ਗਿਆ। ਸਰਦਾਰ ਇਕ ਚਟਾਈ ਲਈ ਧਰਤੀ ਤੇ ਸੁੱਟੀ ਤੇ ਬਿਰਾਜ ਗਿਆ। ਸਾਰੀ ਰਾਤ ਅਰਸ਼ੀ ਹੁਲਾਰੇ ਮਾਣੇ। ਅੰਮ੍ਰਿਤ ਵੇਲਾ ਹੋਇਆ, ਇਸ਼ਨਾਨ ਪਾਨ ਕਰ ਸ੍ਰੀ ਆਸਾ ਦੀ ਵਾਰ ਸੁਣੀ। ਸੱਚੇ ਪਾਤਸ਼ਾਹ ਦੇ ਦਰਸ਼ਨ ਕੀਤੇ, ਬਸ ਸੁਰਤਾਂ ਆਕਾਸ਼ੀ ਪੀਂਗ ਪਾਣ।

ਮਹਾਰਾਜ ਬੀਰ ਸਿੰਘ ਜੀ ਨੇ ਦੀਵਾਨ ਵਿਚ ਉਨ੍ਹਾਂ ਨੇ ਵੇਖਿਆ ਤੇ ਉਨ੍ਹਾਂ ਦੀ ਸ਼ਰਧਾ ਭਾਵਨਾ ਦੀ ਤਸਵੀਰ ਸਾਹਮਣੇ ਆਈ ਕਿ ਕਿਵੇਂ ਉਹ ਗੁਰੂ ਕਾ ਲਾਲ ਦਸਵੰਦ ਹਰ ਮਹੀਨੇ ਡਰਾਫਟ ਰਾਹੀਂ ਭੇਜਿਆ ਕਰਦਾ ਹੈ। ਉਨ੍ਹਾਂ ਬੜੀ ਦੌੜ ਭੱਜ ਕੀਤੀ, ਸੇਵਾਦਾਰ ਵੀ ਢੂੰਡਣ ਘੱਲੇ, ਕੋਈ ਥਹੁ ਪਤਾ ਨਾ ਲੱਗਾ।

ਸਵੇਰੇ ਆਸਾ ਦੀ ਵਾਰ ਉਪਰੰਤ ਐਕਸੀਐਨ ਨੂੰ ਬਾਹਰ ਨਿਕਲਦਿਆਂ ਘੇਰ ਪੁੱਛਿਆ, ਕਿਸ਼ਨ ਸਿੰਘਾ ਰਾਤ ਕਿਵੇਂ ਗੁਜ਼ਾਰੀ, ਤਾਂ ਉੱਤਰ ਸੀ ਮਹਾਰਾਜ! ਮਖ਼ਮਲੀ ਸੇਜਾਂ, ਪ੍ਰਸ਼ਾਦੇ ਦਾ ਜੋ ਅਨੰਦ ਆਇਆ ਉਹ ਬ੍ਰਹਮ ਭੋਜ ਤੁਸੀਂ ਬਖਸ਼ਸ਼ ਰਖੋ।

## ਪੰਡਿਤ ਮਨਸਾ ਸਿੰਘ - ਸਵਤੰਤ੍ਰਤਾ ਸੰਗ੍ਰਾਮੀ

ਪੰਡਿਤ ਮਨਸਾ ਸਿੰਘ, ਜਨਮ ਤੋਂ ਬ੍ਰਾਹਮਣ ਨਹੀਂ ਸਨ। ਉਨ੍ਹਾਂ ਦੇ ਮਾਤਾ-ਪਿਤਾ ਪੇਂਡੂ ਜੱਟ ਸਨ। ਮਨਸਾ ਸਿੰਘ ਪੜ੍ਹਿਆਂ ਲਿਖਿਆਂ ਦੀ ਸ਼ਰਨ ਲਈ ਵਿਦਵਾਨ ਹੋਏ, ਪੰਡਿਤ ਜੀ ਕਰਕੇ ਪ੍ਰਸਿੱਧ ਹੋਏ। ਸ੍ਰੀ ਭੈਣੀ ਸਾਹਿਬ ਦੇ ਵਿਦਿਆਲੇ ਵਿਚ ਬੱਚਿਆਂ ਨੂੰ ਪੜ੍ਹਾਉਣ ਦੀ ਸੇਵਾ ਕੀਤੀ। ਉੱਚਾ ਆਚਰਨ ਸਿਖਿਆ। ਆਜ਼ਾਦੀ ਦੀ ਲਹਿਰ ਨੇ ਜ਼ੋਰ ਫੜਿਆ। ਲਾਹੌਰ ਗਏ। ਆਜ਼ਾਦੀ ਦੇ ਝੁਝਾਰਿਆਂ ਨਾਲ ਮੇਲ ਹੋਇਆ। ਮਹਾਰਾਜ ਨਿਹਾਲ ਸੰਤ ਮੰਗਲ ਸਿੰਘ ਨੇ ਕੁੰਦਨ ਬਣਾ ਦਿੱਤਾ। ਅੰਗਰੇਜ਼ ਨੂੰ ਵੰਗਾਰਿਆ। ਉਨ੍ਹਾਂ ਦੀ ਲਗਨ ਤੇ ਸ਼ਰਧਾ ਵੇਖ ਉਨ੍ਹਾਂ ਨੂੰ ਵਾਰ ਕੌਂਸਿਲ ਦਾ ਡਿਕਟੇਟਰ ਬਣਾ ਦਿੱਤਾ। ਅਗਲੇ ਦਿਨ ਹੀ ਫਰੰਗੀਆਂ ਨੂੰ ਪਾਣੀ ਪੀ ਪੀ ਕੋਸਿਆਂ ਨੌਜਵਾਨਾਂ ਨੂੰ ਉਭਾਰਿਆ। ਦਸ ਸਾਲ ਦੀ ਕੈਦ ਸੁਣਾਈ ਗਈ। ਗਾਂਧੀ-ਇਰਵਨ ਪੈਕਟ ਹੋਇਆ ਤਾਂ ਆਮ ਰਿਹਾਈ ਹੋਈ। ਪੰਡਿਤ ਜੀ ਵੀ ਬਾਹਰ ਆ ਗਏ। ਮੁੜ ਦੇਸ਼ ਆਜ਼ਾਦ ਹੋਇਆ। ਵਸਦੇ ਲੋਕ ਉਜੜ ਗਏ। ਸਤਿਗੁਰ ਪ੍ਰਤਾਪ ਸਿੰਘ ਜੀ ਉਖੜਿਆਂ ਨੂੰ ਵਸਾਇਆ। ਪੰਡਿਤ ਜੀ ਵੀ ਭੈਣੀ ਸਾਹਿਬ ਆ ਡੇਰਾ ਲਾਇਆ। ਜੋ ਪੱਲੇ ਸੀ ਹਰਿ ਕੇ ਲੇਖੇ ਲਾਇਆ। ਮੰਦਰਾਂ ਦੀ ਉਸਾਰੀ ਵਿਚ ਯੋਗਦਾਨ ਪਾਇਆ। ਪੰਜਾਬ ਦੇ ਮੁੱਖ ਮੰਤਰੀ ਸ੍ਰੀ ਪ੍ਰਤਾਪ ਸਿੰਘ ਕੈਰੋਂ ਸ੍ਰੀ ਭੈਣੀ ਸਾਹਿਬ ਆਏ ਤੇ ਉਨ੍ਹਾਂ ਪੰਡਿਤ ਜੀ ਦੀ ਕੁਰਬਾਨੀ ਦੀ ਕਥਾ ਸੁਣੀ। ਬੜਾ ਪ੍ਰਭਾਵਤ ਹੋਏ। ਉਸ ਨੇ ਕਿਹਾ ਪੰਡਿਤ ਜੀ! ਸਰਕਾਰ ਨੇ ਸਵਤੰਤਰਤਾ ਸੰਗ੍ਰਾਮੀਆਂ ਨੂੰ ਪੈਨਸ਼ਨਾਂ ਤੇ ਤਾਂਬਰ ਪੱਤਰਾਂ ਨਾਲ ਨਿਵਾਜਿਆ ਹੈ, ਤੁਹਾਡੀ ਕੁਰਬਾਨੀ ਦਾ ਮੁੱਲ ਨਹੀਂ ਪੈ ਸਕਦਾ। ਤੁਸੀਂ ਮਾਣੋਗੇ ਤਾਂ ਪੰਡਿਤ ਜੀ ਦਾ ਭੋਲਾ ਭਾਲਾ ਤੇ ਨਿਰਮਲ ਉੱਤਰ ਸੀ ਸਰਦਾਰਾ! ਕੁਰਬਾਨੀ ਦਾ ਮੁੱਲ ਨਹੀਂ ਵੱਟਣਾ ਜੇ ਜੇਲ੍ਹ ਗਏ ਤਾਂ ਕਿਸੇ ਸਿਰ ਅਹਿਸਾਨ ਨਹੀਂ ਕੀਤਾ, ਇਹ ਫ਼ਰਜ਼ ਸੀ। ਛੱਕਣ ਛਕਾਣ ਨੂੰ ਗੁਰੂ ਘਰੋਂ ਸਭ ਮਿਲ ਜਾਂਦਾ ਹੈ, ਤੁਹਾਡਾ ਬਹੁਤ ਬਹੁਤ ਧੰਨਵਾਦ। ਕੂਕਿਆਂ ਦੇ ਘਰ ਇਕ ਮਨਸਾ ਸਿੰਘ ਨਹੀਂ, ਇਹ ਸਾਰਾ ਪੰਥ ਮਨਸਾ ਸਿੰਘਾਂ ਦਾ ਹੈ ਇਹ ਲੇਲ ਏ ਆਜ਼ਾਦੀ ਦੇ ਮਜਨੂੰ ਰਹੇ ਹਨ। ਇਨ੍ਹਾਂ ਦੇਸ਼ ਸੇਵਾ ਕੀਤੀ, ਜੇਲ੍ਹ ਵੀ ਗਏ, ਪਰ ਕਿਸੇ ਨੂੰ ਜਲਾਇਆ ਨਹੀਂ। ਗੁਰੂ ਘਰ ਦੇ ਅਨਿੰਨ ਸੇਵਕਾਂ ਵਿੱਚੋਂ ਸਨ, ਜਦ ਨੌ ਵਜੇ ਤੋਂ ਉਪਰੰਤ ਕਿਸੇ ਕਮਰੇ ਵਿੱਚੋਂ ਰੌਸ਼ਨੀ ਨਜ਼ਰੀਂ ਆਵੇ ਤਾਂ ਕਮਰੇ ਵਿਚ ਬੈਠਿਆਂ ਈ ਕੜਕਣਾਂ, ਬਿਜਲੀ ਬੰਦ ਕਰੋ। ਇਹ ਗੁਰੂ ਘਰ ਏ, ਵਾਧੂ

ਖ਼ਰਚ ਨਾ ਕਰੋ। ਜਦ ਕਿਸੇ ਦੇ ਦਰਸ਼ਨਾਂ ਨੂੰ ਜਾਣਾ ਤਾਂ ਕਿਹਾ ਇਹ ਜਨਮ ਅਮੋਲਕ ਹੈ। ਇਸਨੂੰ ਐਵੇਂ ਨਾ ਗਵਾਵੋ। ਨਾਮ ਜਪੋ, ਲਟ ਲਟ ਰਸਨਾ ਜਪੋ। ਫੇਰ ਵਕਤ ਹੱਥ ਨਹੀਂ ਆਉਣਾ।

## ਨੱਥਾ ਸਿੰਘ ਚਲੇਕੇ - ਚੂਹੇ ਨਮਿਤ ਪਾਠ

ਵਾਹ ਕੂਕਿਓ! ਤੁਹਾਡੀ ਅਜਬ ਵਿਥਿਆ। ਸੰਤ ਨੱਥਾ ਸਿੰਘ ਚੇਲੇਕੇ, ਸੰਤ ਪ੍ਰੀਤਮ ਸਿੰਘ, ਭਜਨ ਬਾਣੀ ਦੇ ਆਸ਼ਿਕ, ਉੱਦਮੀ, ਪਾਮਰਾ ਨੂੰ ਦੇਵਤੇ ਬਣਾਉਣ ਵਾਲੇ ਦੇ ਪਿਤਾ ਸਨ। ਪਰਲੇ ਦਰਜੇ ਦਾ ਕੋਮਲ ਦਿਲ। ਇਕ ਸਮੇਂ ਸੰਤ ਨੱਥਾ ਸਿੰਘ ਨੇ ਖੇਤਾਂ ਨੂੰ ਪਾਣੀ ਲਾਇਆ। ਪਾਣੀ ਬੰਨਾ ਤੋੜ ਚੂਹੇ ਦੀ ਖੁੱਡ ਵਿਚ ਜਾ ਪਿਆ। ਪਾਣੀ ਪੈਣ ਨਾਲ ਚੂਹਾ ਖੁੱਡ ਤੋਂ ਬਾਹਰ ਆ ਗਿਆ। ਆਕਾਸ਼ ਵਿਚ ਇਲ ਉਡ ਰਹੀ ਸੀ, ਉਸ ਝਪੱਟਾ ਮਾਰਿਆ ਤੇ ਚੂਹੇ ਨੂੰ ਦਬੋਚ ਆਕਾਸ਼ ਵਲ ਉਡ ਗਈ। ਸੰਤ ਨੱਥਾ ਸਿੰਘ ਇਹ ਦ੍ਰਿਸ਼ ਵੇਖਿਆ ਤਾਂ ਸੋਚਾਂ ਦੇ ਵਹਿਣ ਵਿਚ ਰੁੜ੍ਹਨ ਲੱਗਾ। ਤੇ ਆਖਿਆ ਇਸ ਚੂਹੇ ਦੀ ਮੌਤ ਦਾ ਮੈਂ ਭਾਗੀ ਹਾਂ ਮੈਂ ਦਰਗਾਹ ਵਿਚ ਕਿਵੇਂ ਮੂੰਹ ਵਖਾਵਾਂਗਾ। ਉਸ ਵੇਲੇ ਤੋਂ ਨਾ ਕੁਝ ਖਾਧਾ, ਨਾ ਪੀਤਾ। ਸਿੱਧਾ ਸ੍ਰੀ ਭੈਣੀ ਸਾਹਿਬ ਆ ਹਾਜ਼ਰੀ ਭਰੀ। ਦੀਵਾਨ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਜ਼ੂਰ ਹੱਥ ਜੋੜ ਖੜ੍ਹਾ ਹੋਇਆ, ਸਾਰਾ ਕਿੱਸਾ ਸੁਣਾਇਆ ਤੇ ਖਿਮਾ ਮੰਗਦਿਆਂ ਚਰਨਾਂ ਤੇ ਲੇਟ ਗਿਆ। ਸੱਚੇ ਪਾਤਸ਼ਾਹ ਦਾ ਵੀ ਕੋਮਲ ਹਿਰਦਾ ਸਿੱਖ ਦੀ ਦੀਨ ਦਸ਼ਾ ਵੇਖ ਦ੍ਰਵ ਗਿਆ ਤੇ ਬਚਨ ਕੀਤਾ, ਨੱਥਾ ਸਿੰਘ! ਤੂੰ ਸਿੱਖਾਂ ਵਾਲੀ ਕਰ ਵਖਾਈ। ਤੂੰ ਚੂਹੇ ਨੂੰ ਆਪ ਨਹੀਂ ਮਾਰਿਆ, ਤੂੰ ਉਸ ਨਮਿਤ ਇਕ ਸਾਧਾਰਨ ਪਾਠ ਦਾ ਭੋਗ ਪਵਾ ਕੇ, ਤੂੰ ਸੁਰਖ਼ਰੂ। ਸੰਤਾਂ ਨੇ ਮੱਥਾ ਟੇਕਿਆ, ਘਰ ਆਇਆ ਪਾਠ ਕਰ ਭੋਗ ਪਵਾਇਆ ਤਾਂ ਮਨ ਨੂੰ ਸ਼ਾਂਤੀ ਹੋਈ।

## ਹੁਕਮ ਸਿੰਘ ਭੁਰਜੀ - ਸੁੱਚਾ ਮਿਸ਼ਨਰੀ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਤਿਜੁਗੀ ਮਿਸ਼ਨ ਨੂੰ ਘਰ ਘਰ ਪਹੁੰਚਾਣਾ, ਹਰੇਕ ਨਾਮਧਾਰੀ ਦਾ ਮੁੱਖ ਫ਼ਰਜ਼ ਹੈ। ਗੁਰੂ ਘਰ ਵਿਚ ਅਜੇਹੇ ਮੋਤੀਆਂ ਦਾ ਪਾਰਾਵਾਰ ਨਹੀਂ। ਸੰਤ ਹੁਕਮ ਸਿਘ ਭੁਰਜੀ ਅਜੇਹੇ ਲਾਲਾਂ ਦੇ ਹਾਰ ਵਿੱਚੋਂ ਇਕ ਸਨ। ਸੁੱਤਿਆਂ ਜਾਗਦਿਆਂ ਪ੍ਰਚਾਰ ਦਾ ਇਸ਼ਕ। ਨੰਗਲ ਵਿਚ ਕੰਮ ਕਰਦੇ ਸਨ। ਡਿਊਟੀ ਪੂਰੀ, ਪਰ ਜੇ ਕਿਸੇ ਸਿੱਖ ਵਰਨੀ ਜਾਂ ਹਵਨ ਵਾਸਤੇ ਕਹਿਣਾ ਤਾਂ ਇਕੱਲਿਆਂ ਈ ਸਤਾਂ ਦਾ ਕੰਮ ਭੁਗਤਾ ਦੇਣਾ। ਜਿੰਨੇ ਸਿੰਘ ਮਿਲ ਜਾਣ ਉਤਨਿਆਂ ਨੂੰ ਨਾਲ ਲੈ ਅਰੰਭ ਦੇਂਦੇ। ਆਏ ਸਾਧ ਮਹਾਤਮਾ ਵਾਸਤੇ ਲੰਗਰ ਦੀ ਸੇਵਾ।

ਗੁਰ ਪ੍ਰਚਾਰ ਦੀ ਤੀਬ੍ਰਤਾ ਇਤਨੀ ਵੱਧੀ ਕਿ ਨੌਕਰੀ ਨੂੰ ਤਿਆਗ ਦਿੱਤਾ। ਇਤਿਹਾਸ ਦੀ ਖੋਜ ਸ਼ੁਰੂ ਕੀਤੀ। ਲਾਇਬ੍ਰੇਰੀਆਂ ਵਿਚ ਗਿਆ। ਕਿਸੇ ਤੋਂ ਕਿਰਾਇਆ ਨਹੀਂ ਮੰਗਿਆ। ਪ੍ਰਸ਼ਾਦੇ ਦਾ ਸਵਾਲ ਨਹੀਂ ਪਾਇਆ। ਜੋ ਮਿਲ ਗਿਆ ਸਭ ਪ੍ਰਵਾਨ। ਝੋਲੇ ਵਿਚ ਭੁੱਜੇ ਛੋਲੇ ਜਾਂ ਕਾਗ਼ਜ਼ ਕਲਮ ਦਵਾਤ। ਭੁੱਖ ਲੱਗੇ ਤਾਂ ਬਾਦਾਮਾਂ ਦਾ ਭੋਜਨ ਤੇ ਖੂਹ ਦਾ ਠੰਡਾ ਜਲ। ਬਸ ਇੱਕੋ ਲਗਨ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਸੁੱਚੇ ਫੁੱਲਾਂ ਦੀ ਖ਼ੁਸ਼ਬੂ ਆਵੇ, ਓਸੇ ਪਾਸੇ ਕਮਰ ਕਸੇ। ਕਲਕੱਤਾ, ਬੰਬਈ, ਜੈਪਰ, ਸਭ ਲਾਇਬ੍ਰੇਰੀਆਂ ਗਾਹ ਮਾਰੀਆਂ। ਅਖ਼ਬਾਰਾਂ ਦੀ ਕਟਿੰਗ, ਫ਼ੋਟੋਸਟੇਟ ਕਾਪੀਆਂ ਨਾਲ ਝੋਲਾ ਭਰ ਲੈਣਾ। ਮਾਇਆ ਆਪਣੇ ਪਾਸੋਂ। ਸਵਾਲ ਨਹੀਂ ਪਾਣਾ। ਬੜੀ ਸਮੱਗਰੀ ਇਕੱਠੀ ਕੀਤੀ। ਭਾਰੀ ਸੇਵਾ ਕੀਤੀ। ਅੰਤ ਇਹ ਮਹਾਨ ਮਿਸ਼ਨਰੀ, ਅੰਮ੍ਰਿਤ ਵੇਲੇ ਉੱਠਿਆ, ਇਸ਼ਨਾਨ ਕੀਤਾ, ਚੋਕੜਾ ਮਾਰਿਆ, ਸਿਮਰਨ ਕੀਤਾ, ਚੰਡੀ ਦੀ ਵਾਰ ਦਾ ਪਾਠ ਕੀਤਾ। ਭੋਗ ਪਾਇਆ। ਫੇਰ ਨਾ ਜੂਨੀ ਆਇਆ। ਜਿਨ ਇਹ ਗਾਇਆ ਤੋਂ ਉਪਰੰਤ ਅਰਦਾਸਾ ਕੀਤਾ। ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਦਾ ਭਲਾ ਕਹਿ ਸੀਸ ਨਵਾਇਆ। ਫੇਰ ਨਹੀਂ ਉੱਠਿਆ। ਜੀਵ ਆਤਮਾ ਸੱਚਖੰਡ ਜਾ ਪਹੁੰਚੀ। ਦੇਵਤਿਆਂ ਨੇ ਪੁਸ਼ਪ ਵਰਸ਼ਾ ਕੀਤੀ।

## ਬਲਵੰਤ ਸਿੰਘ ਸੋਖੀ – ਸਾਦਿਕ ਸੋਧੀ

ਉਹ ਕਿਹੜਾ ਪ੍ਰਾਣੀ ਹੈ ਜਿਸਦੇ ਘਰ ਪੈਰ ਧੋ ਧੋ ਪੀਣ ਵਾਲੇ ਪੁੱਤ ਤੇ ਆਗਿਆਕਾਰੀ ਨੂੰਹਾਂ ਹੋਣ, ਪਰ ਸਹੁਰਾ ਆਪਣਾ ਲੰਗਰ ਆਪ ਕਰੇ। ਇਹ ਹਨ ਸੰਤ ਬਲਵੰਤ ਸਿੰਘ ਸੋਖੀ। ਸੋਖੀ ਉਨ੍ਹਾਂ ਦੀ ਗੋਤ ਹੈ। ਉਹ ਵਿਚਾਰਦੇ ਧਰਤੀ ਤੇ ਹਨ, ਪਰ ਸੁਰਤ ਅਰਸ਼ਾਂ ਤੇ ਰਹਿੰਦੀ ਹੈ, ਉਹ ਕਮਲ ਫੁੱਲ ਵਾਂਗੂੰ ਜੀਵਨ ਗੁਜ਼ਾਰ ਰਹੇ ਹਨ। ਪ੍ਰਸ਼ਾਦਾ ਆਪ ਤਿਆਰ ਕਰਦੇ ਹਨ। ਜਲ ਦਾ ਗਡਵਾ ਨਾਲ ਰਖਦੇ ਹਨ, ਕੰਮ ਤੇ ਹਾਜ਼ਰੀ ਬਰਾਬਰ, ਪਰ ਸਤਿਜੁਗ ਦੇ ਸੱਚੇ ਏਜੰਟ ਸਤਿਜੁਗ ਦੇ ਗਾਹਕ ਬਣਾਉਣਾ, ਉਸ ਦੇ ਸਾਲਾਨਾ ਅੰਕਾਂ ਨੂੰ ਦੂਸਰਿਆਂ ਦੇ ਹੱਥਾਂ ਵਿਚ ਪਹੁੰਚਾਣਾ ਉਨ੍ਹਾਂ ਦਾ ਪਹਿਲਾ ਸ਼ੁਗਲ ਹੈ। ਇਕ ਸਮੇਂ ਜਪ ਪ੍ਰਯੋਗ ਸਮੇਂ ਸ੍ਰੀ ਭੈਣੀ ਸਾਹਿਬ ਦੇ ਦਰਸ਼ਨਾਂ ਨੂੰ ਗਏ। ਸਤਿਗੁਰੂ ਰਾਮ ਸਿੰਘ ਮਾਰਗ ਤੋਂ ਉਤਰਦਿਆਂ ਤੇ ਸ੍ਰੀ ਭੈਣੀ ਸਾਹਿਬ ਦੀ ਸੜਕ ਤੇ ਪੈਰ ਧਰਦਿਆਂ ਡੰਡੋਤਾਂ ਸ਼ੁਰੂ ਕਰ ਦਿੱਤੀਆਂ। ਪੂਰਾ ਮੀਲ ਧਰਤੀ ਤੇ ਲੇਟਣ ਤੇ ਧਰਤੀ ਦੀ ਧੂੜ ਮੱਥੇ ਨੂੰ ਲਾਉਣ ਤੇ ਉੱਠ ਖਲੋਣ, ਮੁੜ ਪੈਰ ਪੁੱਟਣ, ਮੁੜ ਡੰਡੋਰ ਬੰਦਨਾ। ਗੋਡੇ ਅੜਕਾਂ ਵੀ ਛਿੱਲੇ ਗਏ, ਪਰ ਦਮ ਉਸ ਸਮੇਂ ਲਿਆ ਜਦ ਸੱਚੇ ਪਾਤਸ਼ਾਹ ਦੇ ਭਵਨ ਦੀ ਸਰਦਲ ਤੇ ਮਸਤਕ ਜਾ ਲਾਇਆ ਤੇ ਧੂੜੀ ਨੇਤਰਾਂ ਨੂੰ ਲਾਈ।

# ਬਹਾਲ ਸਿੰਘ ਤੇ ਸਾਈਂ ਰੋਡੇ - ਗੁਰੂ ਪਿਆਰੇ

ਜਦ ਮੈਂ ਨਾਮਧਾਰੀਆਂ ਸੰਬੰਧੀ ਲਿਖਣ ਬੈਠਦਾ ਹਾਂ ਤਾਂ ਮੇਰਾ ਧਿਆਨ ਮਹਾਂਪੁਰਸ਼ੀ ਦੀ ਇਸ ਜੋੜੀ ਵਲ ਜਾਂਦਾ ਹੈ, ਜਿੰਨਾ ਦਾ ਕੰਮ ਤਾਂ ਹੈ ਗੁਰੂ ਜਸ ਕਰਨਾ, ਪਰ ਢੰਗ ਵੱਖ ਵੱਖ ਹਨ। ਇਕ ਦਾ ਰਾਹ ਹੈ, ਕਵਿਤਾ ਦਾ ਤੇ ਦੂਸਰੇ ਮਹਾਂਪੁਰਸ਼ ਦਾ ਸ਼ਬਦ ਕੀਰਤਨ ਦਾ ਇਕ ਹਨ ਸੂਬਾ ਬਹਾਲ ਸਿੰਘ ਜੀ, ਜਿਨ੍ਹਾਂ ਦਾ ਜੋੜੀਦਾਰ ਹੈ, ਸਾਂਈਂ। ਦੂਜੇ ਹਨ ਬਾਬਾ ਛਿੰਦਾ ਜੀ, ਜਿਹੜੇ ਮਸਤੀ ਵਚ ਰੰਗੇ ਰਹਿੰਦੇ ਹਨ ਤੇ ਮਿੱਠੀਆਂ ਮਿੱਠੀਆਂ ਧਾਰਨਾਂ ਤੇ ਪ੍ਰੇਮ ਭਰੀ ਵਿਆਖਿਆ ਨਾਲ ਸਰੋਤਿਆਂ ਨੂੰ ਇਕ ਵੱਖਰੇ ਦੇਸ਼ ਦੀ ਸੈਰ ਕਰਾਂਦੇ ਹਨ। ਸ਼ਬਦ ਦੀ ਧੁਨ ਵਿਚ ਇਤਨੇ ਜੁੜ ਜਾਂਦੇ ਹਨ ਕਿ ਉਨ੍ਹਾਂ ਨੂੰ ਇਹ ਪਤਾ ਹੀ ਨਹੀਂ ਲੱਗਦਾ ਕਿ ਦੀਵਾਨ ਵਿਚ ਮਾਈ ਆਈ ਏ ਜਾਂ ਭਾਈ। ਰਾਤ ਭਿੱਜਦੀ ਜਾਵੇ ਖਿੱਤੀਆਂ ਵੱਧਦੀਆਂ ਜਾਣ, ਪਰ ਇਨ੍ਹਾਂ ਆਪਣੀ ਚਾਲ ਨਹੀਂ ਛੱਡਣੀ। ਵਕਤ ਦਾ ਜਥੇਦਾਰ ਆ ਹਲੂਣਾ ਦੇਵੇ, ਫੇਰ ਭਾਵੇਂ ਸੁਰਤੀ ਹੇਠਾਂ ਉਤਰੇ।

ਕਵੀ ਬਹਾਲ ਸਿੰਘ ਜੀ ਜਟਕੀ ਵਿਆਖਿਆ ਵਿਚ ਗੁਰੂ ਘਰ ਦੇ ਪ੍ਰਸੰਗ ਕਵਿਤਾ ਰਾਹੀਂ ਸੁਣਾਈ ਚਲੇ ਜਾਂਦੇ ਹਨ। ਸਰੋਤੇ ਬੁਤ ਬਣੇ ਰਹਿੰਦੇ ਹਨ। ਮਾਇਆ ਦੀ ਵਰਸ਼ਾ ਵੀ ਹੁੰਦੀ ਰਹਿੰਦੀ ਹੈ, ਪਰ ਧਿਆਨ ਪ੍ਰਸੰਗ ਵਲ ਹੁੰਦਾ ਹੈ। ਅੱਜ ਦੇ ਪ੍ਰਚਾਰਕ ਕੀਰਤਨ ਦਾ ਠੇਕਾ ਕਰਦੇ ਹਨ, ਪੈਸੇ ਚੁਕਾਂਦੇ ਹਨ, ਪਰ ਇਹ ਗੁਰੂ ਪਿਆਰੇ ਮਾਇਆ ਨਾਲ ਮੂਹ ਨਹੀਂ ਪਾਂਦੇ, ਸ੍ਰੀ ਭੈਣੀ ਸਾਹਿਬ ਵਿਚ ਆਈ ਭੇਟਾ ਗੁਰੂ ਕੇ ਲੰਗਰ ਵਿਚ ਪਾ ਜਾਂਦੇ ਹਨ। ਬਾਹਰਲੀ ਮਾਇਆ ਵਰਤੋਂ ਵਿਚ ਭਾਵੇਂ ਲਿਆਉਣ।

ਇਨ੍ਹਾਂ ਦੋਹਾਂ ਰੱਬੀ ਰੂਹਾਂ ਵਿਚ ਵਾਧਾ ਇਹ ਹੈ ਕਿ ਆਮ ਪ੍ਰਚਾਰਕਾਂ ਵਾਂਗੂ ਕੀਰਤਨ ਉਪਰੰਤ ਸੌ ਨਹੀਂ ਜਾਣਾ, ਨਿਰਾ ਕੱਪੜਿਆਂ ਨੂੰ ਸਾਬਣ ਲਾ ਲਾ ਪਾੜੀ ਨਹੀਂ ਜਾਣਾ ਸਗੋਂ ਸਾਥੀਆਂ ਨੂੰ ਨਾਲ ਲੈ ਸੇਵਾ ਵਿਚ ਜੁੱਟ ਜਾਣਾ। ਲੰਗਰ ਵਾਸਤੇ ਮੁੱਢ ਪੁਟਣੇ, ਹੋਣ, ਕਿਤੇ ਉਸਾਰੀ ਲੱਗੀ ਹੋਵੇ, ਇਨ੍ਹਾਂ ਰਿਸ਼ੀਆਂ ਪਰਵਾਹ ਨਹੀਂ ਕਰਨੀ। ਕੰਮ ਮੁਕਾ ਕੇ ਦਮ ਲੈਣਾ। ਫੇਰ ਸ੍ਰਦਾਈ ਨਹੀਂ ਮੰਗਣਾ। ਘਿਓ ਦਾ ਸਵਾਲ ਨਹੀਂ ਪਾਣਾ, ਪਰ ਜੇ ਪ੍ਰਬੰਧਕਾਂ ਵੱਲੋਂ ਮਿਲ ਜਾਵੇ ਤਾਂ ਨਾਂਹ ਨਹੀਂ ਕਰਨੀ। ਮਨ ਵਿਚ ਇੱਕੋ ਲਾਲਸਾ ਏ ਕਿ ਸਾਡਾ ਰਾਂਝਾ ਰਾਜ਼ੀ ਹੋਵੇ, ਉਸ ਦੀਆਂ ਵੱਧ ਤੋਂ ਵੱਧ ਖ਼ੁਸ਼ੀਆਂ ਦੇ ਪਾਤਰ ਬਣ ਸਕੀਏ।

## ਬਾਬਾ ਛਿੰਦਾ ਜੀ

ਬਾਬਾ ਛਿੰਦਾ ਜੀ ਗੁਰੂ ਕੇ ਉਪਦੇਸ਼ਕ ਹਨ, ਪਰ ਉਪਦੇਸ਼ਕਾਂ ਵਾਲੀ ਹੰਗਤਾਂ ਨਹੀਂ। ਸ਼ਬਦ ਪੜ੍ਹਦੇ ਹਨ ਵਖਾਵੇ ਖ਼ਾਤਰ ਨਹੀਂ, ਆਤਮਿਕ ਸ਼ਾਂਤੀ ਹਿਤ। ਦੀਵਾਨ ਵਿਚ ਖਲੋਤਿਆਂ ਸੁਰਤੀ ਗੁਰ ਚਰਨਾਂ ਨਾਲ, ਲਿਵ ਅਕਾਲ ਪੁਰਖ ਵਿਚ। ਇਹ ਧਿਆਨ ਨਹੀਂ ਮਾਈ ਆਈ ਏ ਜਾਂ ਭਾਈ। ਧਾਰਨਾਂ ਮਿੱਠੀ ਮਿੱਠੀ

ਜੋ ਵਸਿਆ ਸੋ ਰਸਿਆ। ਜਥਾ ਹਰ ਦਮ ਤਿਆਰ ਬਰ ਤਿਆਰ। ਨਿੱਕੇ ਵੱਡੇ ਖੁਲੇ, ਚਾਦਰਾਂ ਵਾਲੇ, ਸੋਧੀ ਮਰਯਾਦਾ ਦੇ ਧਾਰਨੀ ਸਭ ਰਚੇ ਮਚੇ। ਜਲ ਪਾਣੀ ਜੋ ਮਿਲ ਗਿਆ ਪ੍ਰਵਾਨ। ਘਿਓ ਦੀ ਲਾਲਸਾ ਨਹੀਂ, ਬਾਦਾਮਾਂ ਦੀ ਮੰਗ ਨਹੀਂ, ਜੋ ਮਿਲ ਜਾਵੇ, ਧੰਨ ਭਾਗ। ਕੀਰਤਨ ਤੋਂ ਵੱਖ ਜੇ ਵਿਹਲ ਹੋਵੇ, ਪੈ ਨਹੀਂ ਜਾਣਾ, ਸੌਣ ਨਾਲ ਇਸ਼ਕ ਨਹੀਂ, ਇਸ਼ਕ ਹੈ ਸੇਵਾ ਨਾਲ। ਜਿਹੜੀ ਮਿਲ ਜਾਵੇ ਲੰਗਰ ਵਾਸਤੇ, ਬਾਲਣ ਢੋਣਾ ਹੋਵੇ, ਮੁੱਢ ਪੁੱਟਣੇ ਹੋਣ, ਕਿਤੇ ਉਸਾਰੀ ਲੱਗੀ ਹੋਵੇ, ਬਾਬੇ ਲਹਿਣੇ ਵਾਂਗੂੰ ਜਾਂ ਟੁੱਬੀ ਮਾਰਨ। ਸਾਰਾ ਦਿਨ ਸੇਵਾ ਜਦ ਦੀਵਾਨ ਦਾ ਪ੍ਰਬੰਧਕਾਂ ਵੱਲੋਂ ਆਗਿਆਂ, ਭਾਵੇਂ ਦਿਨ ਦੇ ਬਾਰ੍ਹਾਂ ਜਾਂ ਰਾਤ ਦੇ ਬਾਰ੍ਹਾਂ, ਮਸਤੀ ਨਾਲ ਰੰਗ ਵਿਚ। ਜੇ ਕਿਸੇ ਪ੍ਰੇਮੀ ਸ਼ਬਦ ਭੇਟ ਚਾੜ੍ਹੀ ਹੋਵੇ, ਉਹ ਗੁਰੂ ਕੇ ਲੰਗਰ ਵਿਚ ਕਿਸੇ ਨਾਲ ਹਾਸਾ ਨਹੀਂ, ਠੱਠਾ ਨਹੀਂ। ਸਭ ਨਾਲ ਪ੍ਰੇਮ ਤੇ ਨਿੰਮ੍ਰਤਾ।

## ਬਹਾਰਾ ਸਿੰਘ - ਸਦਾ ਬਹਾਰੀ ਬ੍ਰਿਛ

ਸੰਤ ਬਹਾਰਾ ਸਿੰਘ, ਉਹ ਗੁਰਮੁਖ ਪਿਆਰਾ ਹੈ। ਗੁਰੂ ਕੇ ਮੋਦੀਖਾਨੇ ਦੀ ਸੇਵਾ ਨਿਭਾਈ। ਵਰਤਾਈ ਜਾਣਾ, ਵਰਤਾਈ ਜਾਣਾ, ਲੇਖਾ ਨਾ ਪੱਤਰਾ। 12 ਸਾਲ ਸੇਵਾ ਨਿਭਾਈ। ਪੂਰਾ ਜੋਗਾ ਕੌਡੀ ਦੀ ਹੇਰਾ ਫੇਰੀ ਨਹੀਂ। ਕਿਸੇ ਲੋੜਵੰਦ ਨੂੰ ਨਿਰਾਸ਼ ਨਹੀਂ ਹੋਣ ਦਿੱਤਾ। ਅੰਮ੍ਰਿਤ ਵੇਲੇ ਤੋਂ ਇਸ਼ਨਾਨ ਪਾਨ ਕਰ ਰਸਨਾ ਹਿਲਾਂਦਿਆਂ, ਮਾਲਾ ਫੇਰਦਿਆਂ ਚਲ ਸੋਚਦਾ, ਘੜੀ ਪਲ ਆਰਾਮ ਨਹੀਂ ਕਰਨਾ। ਆਰਾਮ ਕਰਦਿਆਂ ਜੇ ਕੋਈ ਲੋੜਵੰਦ ਆ ਜਾਵੇ ਤਾਂ ਖਿੱਝਣਾ ਨਹੀਂ, ਤੁਰਤ ਹਾਜ਼ਰ। ਵੇਹਲ ਮਿਲੇ ਘਿਓ ਵਾਲੀ ਬਾਲਟੀ ਚੁੱਕ ਪਲਾਂ ਪਲਾਂ ਬਿਨਾਂ ਵਿਤਕਰਾ। ਅੰਮ੍ਰਿਤ ਦਾ ਬਾਟਾ ਵੀ ਲਾਗੇ, ਜੇ ਕਿਸੇ ਮਾਈ ਭਾਈ ਸਤਿਗੁਰੂ ਰਾਮ ਸਿੰਘ ਜੀ ਦੇ ਜਹਾਜ਼ ਦਾ ਟਿਕਣ ਲੈਣਾ ਹੋਵੇ ਤਾਂ ਦੇਰ ਨਹੀਂ ਕਰਨੀ। ਘੋਲ ਨਹੀਂ ਕਰਨੀ। ਫਟਸਫਟ ਅੰਮ੍ਰਿਤ ਦਾ ਬਾਟਾ ਫੜ, ਟਕੂਆ ਸਜਾ, ਹੱਥ ਸੋਧ ਕੇ ਕਰਾਂ, ਚੁਲਾ ਮੂੰਹ ਵਿਚ ਤੇ ਕਹਿਣਾ, ਬੋਲ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ। ਫੇਰ ਓਹੋ ਵਾਜਾਂ ਓਹੋ ਜੋੜੀ।

## ਬਿਦੀ ਸਿੰਘ

ਇਹ ਪੁਰਾਣੇ ਸਮੇਂ ਦਾ ਬਿਦੀ ਚੰਦ ਨਹੀਂ। ਇਹ ਪੂਰਬੇ ਪਿੰਡ ਦਾ ਹੈ, ਪਰ ਉਕਤੀਆਂ ਜੁਗਤੀਆਂ ਤੇ ਸੇਵਾ ਉਸੇ ਪ੍ਰਸਿੱਧ ਬਿਦੀ ਚੰਦ ਵਰਗੀ। ਦਿਨ ਹੋਵੇ, ਰਾਤ ਹੋਵੇ, ਪਾਲਾ ਹੋਵੇ, ਕੱਕਰ ਹੋਵੇ, ਕੋਈ ਉਜਰ ਨਹੀਂ। ਲੰਗਰ ਦੀ ਸੇਵਾ ਹੋਵੇ, ਬਾਲਣ ਢੋਣ ਦੀ ਸੇਵਾ ਹੋਵੇ, ਗੁਰੂ ਕੇ ਪਸ਼ੂਆਂ ਵਾਸਤੇ ਤੂੜੀ ਦੇ ਟਰੱਕ ਭਰਨੇ ਹੋਣ ਤਾਂ ਬਿਦੀ ਸਿੰਘ ਹਾਜ਼ਰ। ਛੱਕਣ ਛਕਾਣ ਦਾ ਲਾਲਚ ਨਹੀਂ, ਜੋ ਬੱਚਿਆਂ ਜਾਂ ਜੋਸ ਮਿਲ ਜਾਵੇ, ਧੰਨਭਾਗ, ਗਿਲਾ ਨਹੀਂ, ਗੁਜ਼ਾਰੀ ਨਹੀਂ। ਸਦਾ

ਚੜ੍ਹਦੀਆਂ ਕਲਾ। ਨਿਸਚਿੰਤ ਤੇ ਬੇ-ਫ਼ਿਕਰੀ ਕਾਰਨ ਦੇਹ ਭਾਰੀ ਹੋਣ ਦੇ ਬਾਵਜੂਦ ਆਲਸ ਕੋਹਾਂ ਦੂਰ ਰਹਿੰਦਾ ਹੈ।

## ਇਕ ਮਾਤਾ

ਸੇਵਕ ਦਰਗਾਹ ਸੁਰਖ਼ਰੂ:- ਕਿਹਾ ਜਾਂਦਾ ਹੈ, ਕਿ ਇਸਤਰੀ ਦਾ ਸਮਾਜ ਵਿਚ ਕੋਈ ਥਾਂ ਨਹੀਂ। ਇਹ ਗ਼ਰੀਬਣੀ ਦੀ ਕੁਝ ਪੁੱਛ ਪ੍ਰਤੀਤ ਨਹੀਂ। ਪਰ ਗੁਰੂ ਘਰ ਤਾਂ ਕਦਰਦਾਨ ਹੈ, ਜਿੱਥੇ ਨਿਮਾਣਿਆਂ ਨੂੰ ਮਾਣ ਤੇ ਨਿਤਾਣਿਆਂ ਨੂੰ ਤਾਣ ਮਿਲਦਾ। ਸਤਿਗੁਰੂ ਰਾਮ ਸਿੰਘ ਜੀ ਸਮੇਂ ਇਕ ਮਾਤਾ ਬਰਤਨ ਮਾਂਜਣ ਵਿਚ ਮਸਤਾਨੀ ਰਹਿੰਦੀ, ਸਦਾ ਸਵਾ ਨਾਲ ਹੱਥ ਲਿਬੜੇ। ਖੰਡਾਂ ਬ੍ਰਹਿਮੰਡਾਂ ਦੇ ਮਾਲਕ ਮਾਈ ਕੋਲ ਜਾਂਦੇ ਤੇ ਕਹਿੰਦੇ, ਮਾਤਾ ਜਿੱਥੇ ਤੂੰ ਜਾਵੇਂਗੀ, ਸਾਨੂੰ ਵੀ ਲੈ ਚਲੀਂ।

**ਵਿਚਿ ਦੁਨੀਆਂ ਸੇਵ ਕਮਾਈਐ ਤਾ ਦਰਗਾਹ ਬੈਸਣ ਪਾਈਐ।**

## ਸੰਤ ਕੰਧਾਰਾ ਸਿੰਘ

ਗੁਰੂ ਹਰੀ ਸਿੰਘ ਜੀ ਦੇ ਸਮੇਂ ਸੰਤ ਕੰਧਾਰਾ ਸਿੰਘ ਜੀ ਹੋਏ ਹਨ, ਪੂਰਨ ਬ੍ਰਹਮ ਗਿਆਨੀ। ਸਰਬ ਵਿਚ ਸਤਿਗੁਰ ਦੇ ਦਰਸ਼ਨ ਕਰਨ ਵਾਲੇ। ਦੂਜੇ ਭਾਈ ਕਨ੍ਹਿਯਾ, ਅੱਠੇ ਪਹਿਰ ਸੇਵਾ ਵਿਚ ਹਾਜ਼ਰ। ਗੁਰੂ ਜੀ ਬਾਹਰ ਟਿਬਿਆਂ ਤੇ ਜਾ ਕੇ ਕਈ ਕਈ ਘੰਟੇ ਸਿਮਰਨ ਕਰਦੇ। ਮਾਤਾ ਜੀਉਣ ਕੌਰ ਗੁਰੂ ਜੀ ਵਾਸਤੇ ਜਲ ਦਾ ਗੜਵਾ ਦੇ ਕੰਧਾਰਾ ਸਿੰਘ ਨੂੰ ਜਲ ਛਕਾਣ ਵਾਸਤੇ ਭੇਜਦੇ। ਵਾਹ ਭਾਈ ਕੰਧਾਰਾ ਸਿੰਘਾ! ਤੈਥੋਂ ਕੁਰਬਾਨ ਜਦ ਇਹ ਜਲ ਦਾ ਗੜਵਾ ਲੈ ਬਾਹਰ ਨਿਕਲਦੇ ਤਾਂ ਕੋਈ ਸਿੱਖ ਮਿਲ ਜਾਂਦਾ ਤੇ ਕਹਿੰਦਾ, ਸੰਤ ਜੀ! ਜਲ ਛਕਾਓ। ਸੰਤ ਜੀ ਨੂੰ ਤਾਂ ਗੁਰੂ ਜੀ ਭੁੱਲ ਜਾਣੇ, ਸਿੰਘ ਨੂੰ ਸਰਦਾਈ ਛਕਾ, ਖ਼ਾਲੀ ਗੜਵਾ ਲੈ ਮੁੜਨਾਂ। ਮਾਤਾ ਜੀ ਪੁੱਛਣਾਂ, ਕੰਧਾਰਾ ਸਿੰਘਾ! ਜਲ ਛਕਾ ਆਇਆ ਏਂ ਤਾਂ ਕੰਧਾਰਾ ਸਿੰਘ ਦਾ ਉੱਤਰ ਨਾਂਹ ਵਿਚ ਸੁਣ ਮਾਤਾ ਜੀ ਮੁੜ ਰਗੜਾ ਲਾਣ ਵਾਸਤੇ ਕਹਿਣਾ ਤਾਂ ਜਲ ਖੜਨਾ। ਗੁਰੂ ਜੀ ਵੀ ਕੰਧਾਰਾ ਸਿੰਘ ਦੀ ਭਾਵਨਾ ਨੂੰ ਸਮਝ ਜਾਂਦੇ ਤੇ ਕਹਿਣਾ, ਜੀਉਣ ਕੌਰੇ, ਜੇ ਕੰਧਾਰਾ ਸਿੰਘ ਜਲ ਬਣਾਇਆ ਤਾਂ ਮੈਂ ਪੀਤਾ, ਇਹ ਤਾਂ ਬ੍ਰਹਮ ਗਿਆਨੀ ਹੈ। ਤੂੰ ਕਿਸੇ ਹੋਰ ਹੱਥ ਭੇਜ ਦਿਆ ਕਰ।

## ਮੰਗਲ ਸਿੰਘ ਭਾਈ

ਲਾਂਗਰੀਆਂ ਵਿੱਚੋਂ ਲਾਂਗਰੀ ਭਾਈ ਮੰਗਲ ਸਿੰਘ ਜੀ ਗਲੋਟੀਆ ਤੋਂ ਹੋਏ ਹਨ। ਅੰਮ੍ਰਿਤ ਵੇਲੇ ਤੋਂ ਜਾਗਣਾ, ਇਸ਼ਨਾਨ ਕਰਨਾ ਮੁੜ ਲੰਗਰ ਵਿਚ। ਹੱਥ ਕਾਰ ਵਲ ਚਿਤ ਯਾਰ ਵਲ। ਜਾਪ ਵੀ ਕਰੀ ਜਾਂਦੇ ਤੇ ਲੰਗਰ ਵੀ ਤਿਆਰ

ਕਰਦੇ। ਕੋਈ ਜਾਣੂ, ਅਣਜਾਣੂ ਲੰਗਰ ਵਾਸਤੇ ਕਹੇ, ਭਾਈ ਜੀ ਨਾਂਹ ਨਹੀਂ ਕਰਨੀ। ਦੁਪਹਿਰ ਹੋਵੇ ਜਾਂ ਰਾਤ ਦੇ ਦਸ ਵਜੇ, ਭਾਈ ਜੀ ਲੰਗਰ ਵਿਚ ਆਪ ਭਾਵੇਂ ਛੱਕਣ ਨਾ ਛੱਕਣ, ਆਏ ਨੂੰ ਦੁੱਧ, ਪ੍ਰਸ਼ਾਦਾ ਜੋ ਹਾਜ਼ਰ।

## ਕਰਮ ਸਿੰਘ ਜੋਗੀ

ਗੁਰੂ ਰਾਮ ਹਰੀ ਪ੍ਰੈਸ ਵਿਚ ਜਿੰਨਾ ਹਿੱਸਾ ਕਰਮ ਸਿੰਘ ਜੋਗੀ ਦਾ ਹੈ ਹੋਰ ਕਿਸੇ ਦਾ ਨਹੀਂ। ਕਰਮ ਸਿੰਘ ਜੋਗੀ ਨਹੀਂ ਸੀ ਨਾ ਕਦੇ ਜੋਗੀਆਂ ਵਾਲੇ ਬਸਤਰ ਪਾਏ ਸਨ। ਪਰ ਰਹਿਣੀ ਬਹਿਣੀ ਜੋਗੀਆਂ ਵਾਲੀ। ਨੰਗੇ ਪੈਰੀਂ ਨਾ ਖਾਣ ਦੀ ਪਰਵਾਹ ਨਾ ਪੀਣ ਦੀ। ਜੋ ਮਿਲ ਗਿਆ ਛੱਕ ਲਿਆ, ਜੋ ਮਿਲ ਗਿਆ ਉਹ ਪਾ ਲਿਆ। ਮੰਗਣਾ ਕਿਸੇ ਤੋਂ ਨਹੀਂ। ਰਾਮ ਹਰੀ ਪ੍ਰੈਸ ਦੀਆਂ ਸਦਾ ਸਰਦਲਾਂ ਤੇ। ਮਸ਼ੀਨਮੈਨ ਚਲਾ ਜਾਵੇ ਕੰਪੋਜੀਟਰ ਛੁੱਟੀ ਕਰ ਜਾਣ, ਪਰ ਇਹ ਹਾਜ਼ਰ। ਇਕ ਕੰਮ ਤੋਂ ਵਿਹਲਾ ਹੋ, ਦੂਜੇ ਨੂੰ ਛੂਹ ਲੈਣਾ। ਕੰਪੋਜ਼ਿੰਗੀ, ਮਸ਼ੀਨਮੈਨ ਦੀ ਜਿਹੜਾ ਕੰਮ ਕਿਸੇ ਪਾਸੋਂ ਨਾ ਹੋ ਸਕੇ ਉਹ ਜੋਗੀ ਸਿਰੇ ਚਾੜ੍ਹੇ। ਪ੍ਰੈਸ ਬਾਰੇ ਜਾਂ ਸਤਿਜੁਗ ਦੇ ਕਿਸੇ ਲੇਖ ਬਾਰੇ ਪਤਾ ਕਰਨਾ ਹੋਵੇ ਤਾਂ ਸਭ ਅਜ਼ਬਰ। ਜੋਗੀ ਫੌਰਨ ਦੱਸੇਗਾ ਕਿ ਫਲਾਂ ਲੇਖ ਫਲਾਂ ਸੰਨ ਦੀ ਫਾਈਲ ਵਿਚ ਮਿਲੇਗਾ। ਉਸਦਾ ਟੇਵਾ ਸੌ ਫ਼ੀਸਦੀ ਦਰੁਸਤ। ਜਿਸ ਦਿਨ ਤੋਂ ਜੋਗੀ ਵਿਛੋੜਾ ਦੇ ਗਿਆ ਏ, ਸਤਿਜੁਗ ਵੀ ਉਸਦੇ ਵਿਜੋਗ ਵਿਚ ਦੁਬਲਾ ਹੁੰਦਾ ਜਾ ਰਿਹਾ ਹੈ। ਹਰਬੰਸ ਸਿੰਘ ਮੈਨੇਜਰ ਸਤਿਜੁਗ ਦੇ ਸ਼ਬਦ ਹਨ ਕਿ ਜੋਗੀ ਠੀਕ ਜੋਗੀ ਸੀ। ਉਸ ਅੰਦਰ ਵਾਕ-ਸਿੱਧੀ ਸੀ। ਉਸਦੇ ਵਰ ਨਾਲ ਕਈ ਮਾਵਾਂ ਦੀਆਂ ਗੋਦਾਂ ਹਰੀਆਂ ਹੋਈਆਂ ਤੇ ਕਈਆਂ ਦੇ ਹਨ੍ਹੇਰੇ ਘਰਾਂ ਵਿਚ ਚਿਰਾਗ਼ ਰੌਸ਼ਨ ਹੋਏ।

## ਗੁਰਦੇਵ ਸਿੰਘ

ਪੂਰਬੇ ਨਗਰ ਦਾ ਪਿਆਕੜ ਗੁਰਦੇਵ ਸਿੰਘ ਤੇ ਮਿਹਰ ਦ੍ਰਿਸ਼ਟੀ ਹੋ ਗਈ। ਉਸਦੇ ਹੱਥੋਂ ਪਿਆਲੀ ਉਹ ਜਾ ਪਈ। ਸਤਿਗੁਰੂ ਜਗਜੀਤ ਸਿੰਘ ਜੀ ਦਾ ਹੁਕਮ ਪਾ ਕੇ ਬਿਰਧ-ਸ਼ਾਲਾ ਵਿਚ ਆ ਹਾਜ਼ਰ ਹੋਇਆ। ਬਸ ਤਨੋਂ ਮਨੋਂ ਇਥੋਂ ਦਾ ਹੋ ਗਿਆ। ਜਿਸ ਬਿਰਧ ਦੇ ਘਰ ਵਾਲੇ ਤੰਗ ਆ ਗਏ ਹੋਣ, ਜਿਹੜੀ ਬੁੱਢੜੀ ਨੂੰਹ ਦੀਆਂ ਕੌੜੀਆਂ ਫਿੱਕੀਆਂ ਸੁਣ ਪੀਪੂੰ ਹੋ ਚੁੱਕੀ ਹੋਵੇ, ਜਿਸ ਮਹਾਂਪੁਰਸ਼ ਗੁਰੂ ਘਰ ਦੀ ਸੇਵਾ ਵਿਚ ਜੀਵਨ ਲੇਖੇ ਲਾ ਦਿੱਤਾ ਹੋਵੇ, ਉਹ ਸਭ ਗੁਰਦੇਵ ਸਿੰਘ ਦੇ ਸਾਹਬ। ਇਹ ਸੱਜਣ ਵੱਡੇ ਦਿਲ ਗੁਰਦੇ ਦਾ ਮਾਲਕ ਹੈ। ਬਿਰਧ-ਸ਼ਾਲਾ ਦੇ ਲੰਗਰ ਦਾ ਪ੍ਰਬੰਧ ਬਿਰਧਾਂ ਦੇ ਕੱਪੜਿਆਂ ਦੀ ਸਫ਼ਾਈ, ਬਿਰਧਾਂ ਦੀ ਦਵਾਈ ਦਾਰੂ ਦੀ ਦੇਖ ਰੇਖ ਸਭ ਇਸਦੇ ਜ਼ਿੰਮੇ, ਬਿਰਧ-ਸ਼ਾਲਾ ਲਾਗੇ ਮੱਖੀ ਨਹੀਂ ਫਟਕ ਸਕਦੀ।

ਕਈ ਵਡੇਰੇ ਸਰੀਰ ਜੰਗਲ ਜਾਣੋ ਵੀ ਅਸਮਰਥ ਹਨ। ਉਨ੍ਹਾਂ ਦੇ ਮੂਤਰ ਤੇ ਜੰਗਲ ਵਾਲੇ ਭਾਂਡਿਆਂ ਨੂੰ ਸਾਫ਼ ਰਖਦਾ ਹੈ। ਅੱਠੇ ਪਹਿਰ ਮੌਤ ਦੇ ਪ੍ਰਾਹੁਣਿਆਂ ਦਾ ਖ਼ਿਆਲ ਰਖਦਾ ਹੈ। ਜਿਨ੍ਹਾਂ ਦੇ ਵਾਰਿਸ ਇਨ੍ਹਾਂ ਬੇਪਰਾਣੇ ਪੰਛੀਆਂ ਨੂੰ ਅਗਲੇ ਜਨਮ ਤੋਰਨ ਲਈ ਅਰਦਾਸੇ ਕਰਦੇ ਸਨ, ਸਭ ਉਹ ਗੁਰਦੇਵ ਦੀ ਸੰਭਾਲ ਵਿਚ। ਹਸਪਤਾਲੀ ਨਰਸਾਂ ਜਾਂ ਕੰਪਾਊਡਰ ਸਮੇਂ ਸਿਰ ਹਸਪਤਾਲ ਆਉਂਦੇ ਹਨ ਤੇ ਸਮੇਂ ਸਿਰ ਛੱਡ ਕੇ ਚਲੇ ਜਾਂਦੇ ਤੇ ਤਨਖ਼ਾਹ ਤੋਂ ਵੱਖ ਇਨਾਮ ਵੀ ਬਟੋਰ ਲੈਂਦੇ ਹਨ, ਪਰ ਇਹ ਗੁਰੂ ਕਾ ਲਾਲ ਦਿਨ ਹੋਵੇ, ਰਾਤ ਹੋਵੇ, ਪਾਲਾ ਹੋਵੇ, ਕੱਕਰ ਹੋਵੇ, ਇਹ ਰਾਬਟ ਨਿਆਈ ਪਹਿਰਾ ਦੇਂਦਾ ਹੈ। ਸੰਤੋਖੀ ਇਤਨਾ ਹੈ ਕਿ ਜੋ ਮਿਲ ਜਾਵੇ ਉਹ ਛੱਤੀ ਪਦਾਰਥ, ਉਨ੍ਹਾਂ ਨੂੰ ਹਜ਼ਾਰ ਨਿਆਮਤ ਜਾਣਦਾ ਹੈ। ਇਸਦਾ ਸਹਾਇਕ ਅਪਾਰ ਸਿੰਘ ਵੀ ਇਸ ਦੂਲ੍ਹੇ ਦੇ ਪੈਰ ਚਿੰਨ੍ਹਾਂ ਤੇ ਚੱਲਦਾ ਹੈ।

## ਸ: ਈਸ਼ਰ ਸਿੰਘ - ਪਰਦਾ-ਢੱਕ

ਮਨੁੱਖ ਗ਼ਲਤੀਆਂ ਦਾ ਪੁਤਲਾ ਹੈ। ਕੇਵਲ ਇਕ ਕਰਤਾਰ ਹੀ ਹੈ, ਜਿਹੜਾ ਅਭੁੱਲ ਹੈ। ਪਰ ਵੇਖ ਕੇ ਅਨਡਿੱਠ ਕਰਨਾ ਵੱਡਾ ਗੁਣ ਹੈ, ਤੇ ਗੁਨਾਹਗਾਰ ਨੂੰ ਖਿਮਾ ਕਰ ਦੇਣਾ ਫ਼ਰਿਸ਼ਤਾ ਸੀਰਤੀ ਹੈ। ਖਾਨ ਪੁਰ ਜ਼ਿਲ੍ਹਾ ਲਾਇਲਪੁਰ ਗੁਰੂ ਕੇ ਲਾਲ ਭਾਈ ਈਸ਼ਰ ਸਿੰਘ ਵਸਦੇ ਸਨ। ਚੰਗੇ ਸਰਦੇ ਪੁੱਜਦੇ। ਵੱਡੀ ਢਲ ਦੇ ਮਾਲਕ ਸਨ ਪਰ ਸਰਦਾਰੀ ਦੀ ਬੋ ਨਹੀਂ ਸੀ। ਸਿੱਖੀ ਦੀ ਖੁਸ਼ਬੋਈ ਨਾਲ ਮਾਲਾ ਮਾਲ। ਸਾਧੂ-ਸੰਤਾਂ ਦੀ ਸਦਾ ਗਹਿਮਾ-ਗਹਿਮ।

ਇਕ ਸਮੇਂ ਇਕ ਭੇਖਧਾਰੀਆਂ ਨਾਮਧਾਰੀਆਂ ਦੇ ਬਾਣੇ ਵਿਚ ਆਇਆ। ਬੀਬੀ ਨੇ ਬੜੀ ਸੇਵਾ ਕੀਤੀ। ਪਰ ਉਹ ਮੌਕਾ ਤਾੜ ਸੰਤ ਈਸ਼ਰ ਸਿੰਘ ਦੇ ਮਹਿਲਾਂ ਦੀਆਂ ਸੋਨੇ ਦੀਆਂ ਚੂੜੀਆਂ ਲੈ ਰਫੂ ਚੱਕਰ ਹੋ ਗਿਆ। ਜਦ ਇਸ ਘਟਨਾ ਦੀ ਸੂਹ ਦੇਵਤਾ ਸਰੂਪ ਈਸ਼ਰ ਸਿੰਘ ਨੂੰ ਮਿਲੀ ਤਾਂ ਉਸ ਸਿੱਖਣੀ ਨੂੰ ਬੁਲਾ ਕਹਿ ਸਮਝਾਇਆ। ਵੇਖ ਕਰਮਾਂ ਵਾਲੀਏ। ਕਿਸੇ ਅੱਗੇ ਚੂੜੀਆਂ ਦਾ ਭੋਗ ਨਾ ਪਾਈਂ। ਲੋਕ ਤਾਂ ਖੰਭਾਂ ਦੀਆਂ ਡਾਂਗਾਂ ਬਣਾ ਲੈਂਦੇ ਹਨ। ਜੇ ਗੱਲ ਨਿਕਲ ਗਈ ਤਾਂ ਬਾਣੇ ਨੂੰ ਲਾਜ ਲੱਗੇਗੀ। ਮਾਤਾ ਤੇ ਵੀ ਗੁਰੂ ਦੀ ਕਿਰਪਾ ਸੀ। ਉਸ ਹੱਥ ਜੋੜ ਕਿਹਾ 'ਸੁਆਮੀ ਜੀ! ਸਭ ਵਸਤਾਂ ਦਾ ਮਾਲਕ ਗੁਰੂ ਹੈ। ਗੁਰੂ ਦੀਆਂ ਵਸਤਾਂ ਸਾਂਝੀਆਂ ਹਨ। ਉਹ ਆਪਣਾ ਭਾਗ ਲੈ ਗਿਆ। ਉਹ ਜਾਣੇ ਤੇ ਗੁਰੂ। ਸਾਨੂੰ ਕੀ ਲੱਗੇ?

## ਸੇਠ ਗੁਲਾਬ ਸਿੰਘ

ਇਸੇ ਤਰ੍ਹਾਂ ਦੇ ਸਿਦਕੀ ਸਿੱਖ ਸੇਠ ਸੰਤ ਗੁਲਾਬ ਸਿੰਘ ਸਰਗੋਧੇ ਪਾਕਿਸਤਾਨ ਵਿਚ ਵਸਦੇ ਸਨ। ਸੱਚੇ ਪਾਤਸ਼ਾਹ ਦੀ ਬੜੀ ਕਿਰਪਾ ਸੀ। ਸਿੰਘ ਸਭੀਆਂ

ਦੇ ਗੜ੍ਹ ਵਿਚ ਵਸਦਿਆਂ, ਸਤਿਗੁਰੂ ਰਾਮ ਸਿੰਘ ਜੀ ਦੇ ਝੰਡੇ ਨੂੰ ਸਦਾ ਉੱਚਾ ਰਖਦਾ। ਅੰਮ੍ਰਿਤ ਵੇਲੇ ਇਸ਼ਨਾਨ ਪਾਨ ਕਰ, ਗੁਰਦੁਆਰੇ ਜਾ ਕੇ ਮਾਲਾ ਫੇਰਦਾ। ਪਰ ਗੁਰਦੁਆਰੇ ਦੇ ਪ੍ਰਬੰਧਕਾਂ ਨੂੰ ਮਨ ਨੂੰ ਸ਼ਾਂਤ ਕਰਨ ਵਾਲੀ ਮਾਲਾ ਰੜਕੀ ਤੇ ਆਖਿਆ, ਤੁਸੀਂ ਏਥੇ ਮਾਲਾ ਨਹੀਂ ਫੇਰ ਸਕਦੇ। ਸੰਤਾਂ ਦਾ ਤੁਰਤ ਉੱਤਰ ਸੀ, ਤੁਸੀਂ ਆਪਣਾ ਗੁਰਦੁਆਰਾ ਸਾਂਭੋ।' ਸੰਤਾਂ ਸਾਧ ਸੰਗਤ ਨਾਲ ਮਿਲ ਆਪਣਾ ਗੁਰਦੁਆਰਾ ਬਣਾ ਲਿਆ। ਜੇ ਖੂਹ ਦੇ ਪਾਣੀ ਤੋਂ ਵਰਜਿਆ ਤਾਂ ਖੂਹ ਵੀ ਵੱਖਰਾ ਤਿਆਰ ਹੋ ਗਿਆ ਤੇ ਪਾਣੀ ਵੀ ਮਿੱਠਾ ਨਰੋਆ ਤੇ ਠੰਡਾ। ਬਾਕੀ ਖੂਹ ਸਭ ਫਿੱਕੇ ਪੈ ਗਏ।

ਸੇਠ ਗੁਲਾਬ ਸਿੰਘ ਦੇ ਘਰ ਸਦਾ ਰੌਣਕਾਂ ਲੱਗੀਆਂ ਰਹਿੰਦੀਆਂ। ਇਕ ਸਮੇਂ ਇਕ ਭੇਖੀ ਆ ਗਿਆ। ਉਸ ਜਲ ਪ੍ਰਸ਼ਾਦ ਛੱਕਿਆ, ਰਾਤ ਕੱਟੀ ਤੇ ਦਿਨ ਚੜ੍ਹੇ ਵਡਮੁੱਲਾ ਕੰਬਲ ਲੈ ਫਰਾਰ ਹੋਇਆ। ਸੇਠ ਜੀ ਗੱਲ ਨਾ ਗੌਲੀ। ਚੋਰ ਨੇ ਕੰਬਲ ਦਸ ਰੁਪਏ ਤੋਂ ਜਾ ਬੇਚਿਆ ਤੇ ਪੈਸੇ ਜੇਬ ਵਿਚ ਪਾਏ। ਕੰਬਲ ਵੇਚਦਿਆਂ ਪੁਲਿਸ ਨੇ ਵੇਖ ਲਿਆ; ਤੇ ਥਾਣੇ ਲੈ ਜਾ ਕੁਟਾਪਾ ਚਾੜ੍ਹਿਆ। ਤਾਂ ਚੋਰ ਬਕ ਪਿਆ ਕਿ ਇਹ ਕੰਬਲ ਗੁਲਾਬ ਸਿੰਘ ਦੇ ਘਰੋਂ ਚੁੱਕਿਆ ਹੈ। ਪੁਲਿਸ ਚੋਰ ਨੂੰ ਨਾਲ ਲੈ ਸੇਠ-ਸੰਤਾਂ ਦੇ ਘਰ ਪੁੱਜੀ। ਸੰਤਾਂ ਤੇ ਸਤਿਗੁਰਾਂ ਦੀ ਬਖਸ਼ਿਸ਼ ਸੀ। ਜਦ ਪੁਲਿਸ ਪੁੱਛਿਆ ਤਾਂ ਸੰਤਾਂ ਦਾ ਉੱਤਰ ਸੀ, ਕਿ ਇਹ ਮੇਰਾ ਕੰਬਲ ਨਹੀਂ। ਇਹ ਕੰਬਲ ਇਸਦਾ ਹੈ। ਥਾਣੇਦਾਰ ਮੁੜ ਦੁਹਰਾਇਆ ਕਿ ਇਹ ਕਹਿੰਦਾ ਹੈ ਕਿ ਮੈਂ ਕੰਬਲ ਇੱਥੋਂ ਚੁੱਕਿਆ ਹੈ, ਤਾਂ ਤੁਸੀਂ ਉਜਰ ਕਿਉਂ ਕਰਦੇ ਹੋ? ਤਾਂ ਸੰਤਾਂ ਦਾ ਉੱਤਰ ਸੀ ਜਦ ਮੈਂ ਇਸ ਨੂੰ ਕੰਬਲ ਦੇ ਦਿੱਤਾ, ਫਿਰ ਇਸਦਾ ਮਾਲਕ ਇਹ ਹੋ ਗਿਆ, ਵੇਚੇ ਜਾਂ ਰਖੇ। ਇਸਦਾ ਕੰਮ ਹੈ। ਪੁਲਿਸ ਸਮਝ ਗਈ ਕਿ ਸੇਠ, ਚੋਰ ਤੇ ਦਇਆਵਾਨ ਹੈ, ਉਸ ਨੇ ਚੋਰ ਨੂੰ ਛੱਡ ਦਿੱਤਾ। ਜਦ ਪੁਲਿਸ ਤੋਂ ਖਲਾਸੀ ਮਿਲੀ ਤਾਂ ਚੋਰ ਸੰਤਾਂ ਦੇ ਚਰਨਾਂ ਤੇ ਆ ਡਿੱਗਾ ਤੇ ਗਿੜਗਿੜਾ ਕੇ ਕਿਹਾ ਕਿ ਤੁਸੀਂ ਮੈਨੂੰ ਜਮਾਂ ਤੋਂ ਛੁਡਾਇਆ ਹੈ। ਸਿੱਧੇ ਰਾਹ ਪਾਓ। ਸੰਤਾਂ ਉਸਨੂੰ ਭਜਨ ਦਸ ਦਿੱਤਾ ਤੇ ਉਸਦਾ ਬੇੜਾ ਪਾਰ ਕੀਤਾ।

## ਸੰਤ ਮੰਗਲ ਸਿੰਘ ਚੰਡੀਗੜ੍ਹ

ਕੀ ਕਹਿਣਾ ਏ, ਏਸ ਮਾਈ ਦੇ ਲਾਲ ਬਾਰੇ। ਹਰਿਆਣਾ ਸਰਕਾਰ ਦੇ ਫਲਾਇੰਗ ਸੁਕੈਡ ਦਾ ਮੁਖੀਆ ਹੋਵੇ, ਵੱਡੇ ਵੱਡੇ ਅਫ਼ਸਰ ਯਰਕਦੇ ਹੋਣ, ਪਰ ਗੁਰੂ ਕੀ ਸੰਗਤਾਂ ਦਾ ਚਾਕਰ। ਗੁਰੂ ਪੀਰਾਂ ਦੇ ਕਾਰਜ ਵਾਸਤੇ ਤਾਂ ਸਭ ਭੱਜ ਦੌੜ ਕਰਦੇ ਹਨ ਪਰ ਉੜਿਆਂ ਥੁੜਿਆਂ ਦਾ ਬੇਲੀ ਮੰਗਲ ਸਿੰਘ। ਸੈਕਟਰੀਏਟ ਵਿਚ ਕੰਮ ਹੋਵੇ ਜਾਂ ਡਾਇਰੈਕਟਰੀਏਟ ਵਿਚ ਭੱਜਾ ਫਿਰੇਗ। ਪਹਿਲਾਂ ਆਏ ਸੱਜਣ ਦੇ ਆਰਾਮ ਵਾਸਤੇ ਜਲ-ਪ੍ਰਸ਼ਾਦਾ, ਬਸਤਰ ਲੀੜੇ ਮੁੜ ਦਫ਼ਤਰ ਵਾਸਤੇ ਭੱਜ ਦੌੜ।

ਆਪਣੇ ਵੱਲੋਂ ਵਾਹ ਪੂਰੀ ਲਾਣੀ ਅੱਗੋਂ ਉਸਦਾ ਭਾਗ। ਫੇਰ ਵਾਧਾ ਇਹ ਕਿ ਕਿਤੇ ਆਉਣ ਜਾਣਾ ਹੋਵੇ ਤਾਂ ਉਸਤੋਂ ਪੈਸਾ ਨਹੀਂ ਲੈਣਾ ਸਗੋਂ ਪਟਰੋਲ ਪਲਿਓਂ ਪਾਕੇ ਸਕੂਟਰ ਮਗਰ ਖਿੱਚੀ ਫਿਰਨਾ। ਮਹਾਰਾਜ ਬੀਰ ਸਿੰਘ ਜੀ ਸੰਤਾਂ ਨੂੰ ਨਾਮਧਾਰੀਆਂ ਦਾ ਐਮ.ਐਲ.ਏ. ਕਹਿ ਯਾਦ ਕੀਤਾ ਕਰਦੇ ਹਨ। ਇਨ੍ਹਾਂ ਦੇ ਮਹਿਲ ਹਰਬੰਸ ਕੌਰ ਕਿਸੇ ਨੇਕ ਮਾਤਾ ਦੀ ਧੀ ਏ, ਨਹੀਂ ਤੇ ਕਿਹੜੀ ਇਸਤਰੀ ਏ, ਜਿਹੜੀ ਨਾਲੇ ਕੂਲੇ ਕੂਲੇ ਪ੍ਰਸ਼ਾਦੇ ਛਕਾਵੇ, ਚਾਟੇ ਪਿਲਾਵੇ ਤੇ ਨਾਲੇ ਹੀ ਉਨ੍ਹਾਂ ਵਾਸਤੇ ਪਤੀ ਦੇਵ ਨੂੰ ਦਫ਼ਤਰ ਜਾਂ ਅਫ਼ਸਰਾਂ ਦੇ ਘਰੀਂ ਗੇੜੇ ਲਾਣ ਜਾਣ ਦੇਵੇ। ਲੋੜਵੰਦ, ਕੰਮਾਂ ਵਾਲੇ ਘਰੋਂ ਟੁਰਨ ਲੱਗਿਆਂ ਸੌ ਸੌ ਸੁਗਾਤਾਂ ਖੜਦੇ ਹਨ, ਮੂਲੀ, ਗਾਜਰ, ਸਰੋਂ ਦਾ ਸਾਗ, ਮੱਕੀ ਦੀਆਂ ਛੱਲੀਆਂ ਮੌਸਮ ਦੇ ਲਿਹਾਜ਼ ਨਾਲ। ਪਰ ਇਸ ਗੁਰਮੁਖ ਪਿਆਰੇ ਪਾਸੋਂ ਕਈ ਦੁਲਾਰੇ ਮੁੜਨ ਲੱਗਿਆਂ ਘਰ ਜਾਣ ਦਾ ਕਰਾਇਆ ਮੰਗਣੋਂ ਵੀ ਸੰਕੋਚ ਨਹੀਂ ਕਰਦੇ ਤੇ ਇਹ ਗੁਰਮੁਖ ਪਿਆਰਾ ਦਸਾਂ ਦਾ ਨੋਟ ਦੇਂਦਿਆਂ ਮੱਥੇ ਵੱਟ ਨਹੀਂ ਪਾਂਦਾ।

## ਮਹਾਤਮਾ ਹੁਕਮਾ ਜੀ

ਸ਼ਕਤੀ ਤੇ ਭਗਤੀ ਦਾ ਸੁਮੇਲ, ਚੰਡਕਾ ਭਵਾਨੀ, ਜਿਸ ਮਾਤਾ ਭਾਗੋ ਤੇ ਰਾਣੀ ਲਸ਼ਮੀ ਬਾਈ ਦੀ ਯਾਦ ਤਾਜ਼ਾ ਕਰ ਵਖਾਈ। ਇਹੀ ਸਦਾ ਚੜ੍ਹਦੀਆਂ ਕਲਾ ਵਿਚ ਤਿਆਰ ਬਰ ਤਿਆਰ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਲੈਫ਼ਟੀਨੈਂਟਾਂ ਵਿੱਚੋਂ, ਮਹਾਤਮਾ ਹੁਕਮਾ ਜੀ ਜਿੰਨ੍ਹਾਂ ਅੰਗਰੇਜ਼ ਸ਼ਾਤਰਾ ਦੀਆਂ ਚਕਰੀਆਂ ਭਵਾ ਦਿੱਤੀਆਂ। ਸਦਾ ਘੋੜੇ ਤੇ ਪਿੰਡ ਪਿੰਡ ਦੌਰਾ ਕਰਦੀ ਭਜਨ ਬਾਣੀ ਦਾ ਉਪਦੇਸ਼ ਦੇਂਦੀ ਤੇ ਸੁੈਤੰਤਰਤਾ ਵਾਸਤੇ ਜ਼ੋਰ ਭਰਦੀ। ਗੋਰਾ ਸ਼ਾਹੀ ਦੇ ਚਾਟੜੇ ਮੂੰਹ ਵੇਖਦੇ ਰਹਿ ਜਾਂਦੇ। ਰਾਜੇ ਰਾਣੀਆਂ ਇਸ ਦੇ ਪੈਰ ਧੋ ਧੋ ਪੀਂਦੇ। ਮਹਾਰਾਜ ਨਾਭਾ ਦੇ ਘਰ ਕੋਈ ਲੜਕਾ ਨਹੀਂ ਸੀ। ਮਾਤਾ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਵਿਚ ਬੱਚੇ ਵਾਸਤੇ ਅਰਦਾਸ ਕੀਤੀ ਜਿਹੜੀ ਪ੍ਰਵਾਨ ਹੋ ਗਈ। ਰਾਜੇ ਜੋਤਸ਼ੀਆਂ ਪਾਸੋਂ ਬੱਚੇ ਬਾਰੇ ਪੁੱਛਿਆ। ਜੋਤਸ਼ੀਆਂ ਕਿਹਾ ਗਰਭ ਵਿਚ ਲੜਕੀ ਹੈ, ਪਰ ਮਾਤਾ ਨੂੰ ਸੁਪਨੇ ਵਿਚ ਸਤਿਗੁਰਾਂ ਦੇ ਦਰਸ਼ਨ ਹੋਏ ਤੇ ਇਕ ਲੜਕਾ, ਮਹਾਰਾਣੀ ਨੂੰ ਦੇਣ ਵਾਸਤੇ ਕਿਹਾ। ਠੀਕ ਕੁਝ ਸਮੇਂ ਉਪਰੰਤ ਬੱਚੇ ਦਾ ਜਨਮ ਹੋਇਆ। ਜੋਤਸ਼ੀ ਝੂਠੇ ਸਿੱਧ ਹੋਏ। ਮਹਾਤਮਾ ਜੀ ਦੀ ਜੈ ਜੈ ਕਾਰ ਹੋਈ ਰਾਜਕੁਮਾਰ ਦਾ ਨਾਮ ਪ੍ਰਤਾਪ ਸਿੰਘ ਰੱਖਿਆ। ਉਸ ਖ਼ੁਸ਼ੀ ਵਿਚ ਮਹਾਰਾਜ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਬੀੜ ਦੀ ਜ਼ਮੀਨ ਇਕ ਕਾਰ ਤੇ ਹੋਰ ਮਾਇਆ ਆਦਿ ਭੇਟ ਕੀਤੀ।

## ਮਾਤਾ ਇੰਦ ਕੌਰ

ਮਾਤਾ ਇੰਦ ਕੌਰ ਦਾ ਨਾਮ ਨਾਮਧਾਰੀ ਇਤਿਹਾਸ ਵਿਚ ਸੂਰਜ ਵਾਂਗੂੰ ਰੌਸ਼ਨ ਰਹੇਗਾ। ਜਦ ਸਰਦਾਰ ਹੀਰਾ ਸਿੰਘ ਦਾ ਸ਼ਹੀਦੀ ਜੱਥਾ ਸ੍ਰੀ ਭੈਣੀ ਸਾਹਿਬੋਂ ਤਿਆਰ ਹੋਇਆ ਤਾਂ ਇਸ ਸ਼ਹੀਦੀ ਝੰਡਾ ਚੁੱਕਿਆ ਹੋਇਆ ਸੀ ਤੇ ਐਲਾਨ ਕਰਦੀ ਫਿਰਦੀ ਸੀ ਸ਼ਹੀਦੀ ਜਹਾਜ਼ ਤਿਆਰ ਹੈ। ਆਓ ਜਿਨ੍ਹਾਂ ਦੇਸ਼ ਧਰਮ ਵਾਸਤੇ ਜਾਨਾਂ ਵਾਰਨੀਆਂ ਹਨ। ਜਦ ਸਰਦਾਰ ਹੀਰਾ ਸਿੰਘ ਤਲਵਾਰ ਨਾਲ ਲੀਕਰ ਖਿੱਚ ਕੇ ਸ਼ਹੀਦ ਜਥੇ ਵਿਚ ਦਾਖ਼ਲ ਹੋਣ ਲਈ ਕਿਹਾ ਤਾਂ 100 ਸਿੰਘ ਛਾਲਾਂ ਮਾਰ ਲਕੀਰ ਪਾਰ ਕਰ ਗਏ। ਮਲੇਰਕੋਟਲੇ ਇਨ੍ਹਾਂ ਤੋਪ ਨਾਲ ਉੱਡਣਾ ਚਾਹਿਆ ਪਰ ਕਰਮਚਾਰੀਆਂ ਕਿਹਾ ਮਾਈ ਤੇਰੇ ਉੱਤੇ ਤੋਪ ਚਲਾਣ ਦਾ ਹੁਕਮ ਨਹੀਂ, ਪਿੱਛੇ ਹੱਟ ਜਾ। ਬਾਅਦ ਵਿਚ ਇਹ ਸਦਾ ਵੈਰਾਗ ਵਿਚ ਦਿਨ ਬਤੀਤ ਕਰ ਗਈ।

## ਮਾਤਾ ਖੇਮ ਕੌਰ

ਮਾਤਾ ਖੇਕ ਕੌਰ ਵੀ ਕੋਟਲੇ ਦੇ ਮੈਦਾਨ ਵਿਚ ਸ਼ਹੀਦ ਹੋਣ ਵਾਸਤੇ ਤਿਆਰ ਸੀ। ਕਾਵਨ ਨੇ ਖੇਮ ਕੌਰ ਨੂੰ ਪਿਛਾਂ ਹਟਾ ਦਿੱਤਾ। ਕਾਵਨ ਦਾ ਇਕ ਦਲਾ ਸੀ ਜਿਹੜਾ ਕਾਵਨ ਨੂੰ ਔਰਤਾਂ ਸਪਲਾਈ ਕਰਦਾ ਸੀ। ਉਹ ਕਪਟੀ ਸੀ ਸ਼ਿਵਚਰਨ ਜਦ ਉਸ ਖੇਮ ਕੌਰ ਨੂੰ ਮੰਦ ਭਾਵਨਾ ਨਾਲ ਇਸ਼ਾਰਾ ਕੀਤਾ ਤਾਂ ਉਸ ਸ਼ੇਰ ਦੀ ਬੱਚੀ ਸ਼ਿਵਚਰਨ ਦੇ ਮੂੰਹ ਤੇ ਵਟ ਕੇ ਚਪੇੜ ਮਾਰੀ ਤੇ ਆਖਿਆ, 'ਕੁੱਤਿਆ ਕਰਾੜਾ ਫਿਰ ਬੱਕੇਂਗਾ ਤਾਂ ਜੀਭ ਖਿੱਚ ਸੁਟੂੰਗੀ। ਤੂੰ ਕੀ ਜਾਤਾ ਏ। ਸ਼ੇਰਨੀ ਗਰਜ਼ੀ, ਜਿਸ ਦਾ ਸਦਕਾ ਉਸ ਦਾ ਦਮਾਗ਼ ਤਵਾਜਨ ਖੋ ਬੈਠਾ। ਪਾਗ਼ਲਾਂ ਵਾਂਗੂੰ ਜੀਵਨ ਬਤੀਤ ਕੀਤਾ। ਅੰਤ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਹਾਜ਼ਰ ਹੋਇਆ। ਚਰਨੀ ਡਿੱਗ ਰੋ ਰੋ ਭੁੱਲ ਬਖਸ਼ਾਈ। ਸੱਚੇ ਪਾਤਸ਼ਾਹ ਹੁੱਕਾ ਛਡਵਾ ਭਜਨ ਦਿਲਵਾ ਬਖਸ਼ ਦਿੱਤਾ।

## ਮਾਤਾਦਾਨੀ ਚੰਬਾ ਨਿਵਾਸੀ

ਸਦਾ ਸਤਿਗੁਰੂ ਦੇ ਪ੍ਰੇਮ ਵਿਚ ਗੁਆਚੀ ਰਹਿੰਦੀ। ਮਾਈ ਦਾ ਇੱਕੋ ਇੱਕ ਪੁੱਤਰ ਸ਼ਰੀਕਾਂ ਮਾਰ ਦਿੱਤਾ। ਖਾਣਾ ਆਇਆ ਉਸ ਮਾਤਾ ਪਾਸੋਂ ਬਿਆਨ ਪੁੱਛਿਆ। ਮਾਈ ਦਾ ਉੱਤਰ ਸੀ, ਬੱਚਾ ਮੇਰਾ ਪੁੱਤਰ ਕਿਸੇ ਨਹੀਂ ਮਾਰਿਆ ਉਸ ਨੂੰ ਉਸੇ ਮਾਰਿਆ ਹੈ ਜਿਸ ਨੇ ਪੈਦਾ ਕੀਤਾ ਸੀ। ਤੂੰ ਐਵੇਂ ਖੇਚਲ ਕੀਤੀ ਏ। ਮਾਈ ਦਰਿਆ ਤੇ ਇਸ਼ਨਾਨ ਕੀਤਾ ਕਰਦੀ ਸੀ। ਜਦ ਉਹ ਵਡੇਰੀ ਹੋਈ ਤਾਂ ਦਰਿਆ ਤੇ ਜਾਣਾ ਮੁਸ਼ਕਿਲ ਹੋ ਗਿਆ ਤਾਂ ਬਿਆਸ ਨੂੰ ਕਿਹਾ ਵੇ ਬੱਚਾ! ਮੈਥੋਂ ਦੂਰ ਨਹੀਂ ਆਇਆ ਜਾਂਦਾ ਤੂੰ ਜ਼ਰਾ ਲਾਗੇ ਆ ਜਾ ਤਾਂ ਪਿੰਡਾ ਗਿੱਲਾ

ਕਰ ਸਕਾਂ। ਦਰਿਆ ਰਸਤਾ ਬਦਲ ਗਿਆ। ਹੌਲੀ ਹੌਲੀ ਪਿੰਡ ਦੇ ਲਾਗੇ ਆ ਗਿਆ। ਲੋਕਾਂ ਕਿਹਾ ਦਰਿਆ ਪਿੰਡ ਢਾਹੇਗਾ, ਪਰ ਮਾਈ ਕਿਹਾ ਬੱਚਾ ਤੈਨੂੰ ਨੇੜੇ ਆਉਣ ਖ਼ਾਤਰ ਕਿਹਾ ਸੀ, ਪਿੰਡ ਢਾਹੁਣ ਖ਼ਾਤਰ ਨਹੀਂ। ਦਰਿਆ ਫੇਰ ਅੱਗੇ ਨਹੀਂ ਵਧਿਆ। ਮਾਤਾ ਜਦ ਵੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਯਾਦ ਕਰਦੀ ਸੱਚੇ ਪਾਤਸ਼ਾਹ ਆ ਦਰਸ਼ਨ ਦਿੰਦੇ ਤੇ ਜਦ ਪਿੰਡ ਲਾਗਿਉਂ ਲੰਘਦੇ ਤਾਂ ਜ਼ਰੂਰ ਕ੍ਰਿਪਾ ਕਰਦੇ। ਮਾਤਾ ਦੇ ਨੇਤਰ ਸਦਾ ਭਿੱਜੇ ਰਹਿੰਦੇ। ਸੱਚੇ ਪਾਤਸ਼ਾਹ ਜੀ ਮਾਈ ਨੂੰ ਆਖਦੇ ਬਹੁਤਾ ਸਤਾਇਆ ਨਾ ਕਰ। ਨਖਾਖੀਏ ਜਦ ਮੈਂ ਇਧਰੋਂ ਦੀ ਲੰਘਦਾ ਹਾਂ ਤਾਂ ਮੇਰੀ ਮੋਟਰ ਦੇ ਪਹੀਏ ਅਗ੍ਹਾਂ ਨਹੀਂ ਰਿੜਦੇ ਤੂੰ ਬਹੁਤਾ ਨਾ ਸਤਾਇਆ ਕਰ।

## ਮਾਤਾ ਹਰਜੀਤ ਕੌਰ ਬੱਕਰੀਆਂ ਵਾਲੀ

ਦੁੱਧ ਚਿੱਟੇ ਕੇਸਾਂ ਵਾਲੀ, ਦੁੱਧ ਚਿੱਟੇ ਬਸਤਰਾਂ ਵਾਲੀ, ਦੁੱਧ ਚਿੱਟੇ ਬਰਫ਼ਾਂ ਤੇ ਵਸਦੀ ਮਾਤਾ ਹਰਜੀਤ ਕੌਰ ਦੇਵੀ ਹੈ ਪਰਬਤਾਂ ਦੀ। ਸਭ ਜਾਣਦੇ ਹਨ ਕਿ ਸ਼ਿਮਲੇ ਬਰਫ਼ਾਂ ਪੈਂਦੀਆਂ ਹਨ। ਕੱਕਰ ਪਾਲੇ ਦਾ ਜ਼ੋਰ ਰਹਿੰਦਾ ਹੈ, ਪਰ ਸਤਿਗੁਰੂ ਜੀ ਦੀਆਂ ਖ਼ੁਸ਼ੀਆਂ ਖ਼ਾਤਰ ਸੋਧ ਢਿੱਲੀ ਨਹੀਂ ਹੋਣ ਦੇਂਦੀ। ਇਨ੍ਹਾਂ ਦਾ ਜਨਮ ਸੰਨ 1909 ਵਿਚ ਹੋਇਆ ਭਾਵ ਇਸ ਵਕਤ ਉਨ੍ਹਾਂ ਦੀ ਉਮਰ ਕੋਈ 90 ਸਾਲ ਦੀ ਹੈ। ਇਹ ਆਪ ਹੀ ਖੱਡ ਵਿਚ ਉਤਰ, ਕਾਫ਼ੀ ਦੂਰੋਂ ਬਾਊਲੀ ਵਿੱਚੋਂ ਜਲ ਲਿਆਉਂਦੀ ਹੈ। ਕਈ ਸ਼ਰਾਰਤੀ ਇਸ ਨੂੰ ਖੁਲਿਆਂ ਕਰਨ ਦਾ ਜਤਨ ਕਰਦੇ ਹਨ, ਪਰ ਸੱਚੇ ਪਾਤਸ਼ਾਹ ਇਸ ਦੀ ਸਹਾਇਤ ਕਰਦੇ ਹਨ। ਇਸ ਨੂੰ ਢਿੱਲਿਆਂ ਨਹੀਂ ਹੋਣ ਦੇਂਦੇ।

ਇਸ ਮਾਤਾ ਨੇ ਦੁੱਧ ਘਿਓ ਵਾਸਤੇ ਬੱਕਰੀਆਂ ਰਖੀਆਂ ਹੋਈਆਂ ਹਨ, ਜਿਨ੍ਹਾਂ ਨੂੰ ਪਾਲਦੀ ਹੈ ਤੇ ਉਨ੍ਹਾਂ ਤੋਂ ਦੁੱਧ ਘਿਓ ਲੈਂਦੀ ਹੈ। ਇਹ ਬੱਕਰੀਆਂ ਵੀ ਪੰਜ ਪੰਜ ਸਾਲ ਬਿਨਾਂ ਸੂਏ ਦੁੱਧ ਦੇਂਦੀਆਂ ਜਾਂਦੀਆਂ ਹਨ। ਇਨ੍ਹਾਂ ਦੀ ਸੋਧ ਕੋਈ 36 ਸਾਲ ਤੋਂ ਚਲ ਰਹੀ ਹੈ ਇਨ੍ਹਾਂ ਦੇ ਪਤੀ ਗੁਜਰਿਆਂ ਵੀ ਕੋਈ 62 ਸਾਲ ਹੋ ਗਏ ਹਨ। ਸਤਿਗੁਰੂ ਤੇ ਡੋਰੀ ਰੱਖ ਸਦਾ ਪ੍ਰਸੰਨ ਚਿਤ ਰਹਿੰਦੀ ਹੈ। ਮਾਤਾ ਨੂੰ ਕਈ ਪੁੱਛਦੇ ਹਨ ਮਾਤਾ ਤੇਰਾ ਇਕੱਲਿਆਂ ਜੀਅ ਕਿਵੇਂ ਲੱਗਦਾ ਹੈ ਤਾਂ ਮਾਤਾ ਦਾ ਉੱਤਰ ਹੁੰਦਾ ਹੈ ਕਿ ਮੈਨੂੰ ਆਲੇ ਦੁਆਲੇ ਗਹਿਮਾ ਗਹਿਮ ਵਖਾਈ ਦੇਂਦੀ ਹੈ। ਚਹੁੰ ਪਾਸੀਂ ਸੰਤ ਮਹਾਂਪੁਰਖ ਦਿੱਸਦੇ ਹਨ। ਰਾਤ ਨੂੰ ਸ਼ਬਦ ਕੀਰਤਨ ਵੀ ਹੁੰਦਾ ਹੈ ਤੇ ਵਾਰਤਾਲਾਪ ਚੱਲਦੀ ਰਹਿੰਦੀ ਹੈ। ਬੁਲ ਬੁਲ ਵਾਂਗੂੰ ਜੀਵਨ ਗੁਜ਼ਾਰਦੀ ਹਾਂ।

## ਸੁਖਵੰਤ ਕੌਰ

ਸੁਖਵੰਤ ਕੌਰ ਸੁੱਚ ਸੋਧ ਤੇ ਭਜਨ ਬੰਦਗੀ ਦੀ ਤਸਵੀਰ ਸੀ। ਇਸ ਦੇ ਬੱਚੇ ਏਅਰ ਫ਼ੋਰਸ ਵਿਚ ਭਰਤੀ ਸਨ ਤੇ ਪਾਕਿਸਤਾਨ ਬਘਿਆੜ ਇਸ ਦਾ ਨਾਉ ਸੁਣ ਕੇ ਲੁੱਕ ਜਾਂਦੇ ਸਨ। ਜਿਸ ਵਾਤਾਵਾਣ ਵਿਚ ਇਸ ਜੀਵਨ ਬਤੀਤ ਕੀਤਾ ਉਹ ਅਤੀ ਵਿਪਰੀਤ ਸੀ, ਪਰ ਸੱਚੇ ਪਾਤਸ਼ਾਹ ਇਸ ਦੀ ਲਾਜ ਰੱਖੀ। ਇਸ ਬਾਰੇ ਸ: ਊਧਮ ਸਿੰਘ ਆਜਿਜ ਦੇ ਸ਼ਬਦ ਹੀ ਕਾਫ਼ੀ ਹਨ:-

**ਸਚੀ ਭਗਤ ਸਤਿਗੁਰੂ ਪ੍ਰਤਾਪ ਸਿੰਘ ਦੀ**
**ਸਰਧਾਵਾਨ ਸੁਖਵੰਤ ਕਮਾਲ ਹੈ ਸੀ।**
**ਜਿਸ ਦਾ ਪਤੀ ਅਰਵੇਲ ਸਿੰਘ ਨਾਮਧਾਰੀ,**
**ਸੂਝਵਾਨ ਅਮੀਰ ਖੁਸ਼ਹਾਲ ਹੈ ਸੀ।**
**ਸ਼ੇਰਾਂ ਜੇਹੇ ਸੀ ਪੰਜ ਉਸ ਦੇ ਪੁਤਰ,**
**ਠਾਠ ਸ਼ਹਿਨਸ਼ਾਹੀ ਮਾਲੋ ਮਾਲ ਹੈ ਸੀ।**
**ਐਸੇ ਆਣ ਜਮਾਨੇ ਨੇ ਗੇੜ ਖਾਧਾ,**
**ਇਸ ਪ੍ਰਵਾਰ ਤੇ ਆਇਆ ਜਵਾਲ ਹੈ ਸੀ।**
**ਪਤੀ ਪੋਤਾ ਸੁਖਵੰਤ ਦੇ ਚਾਰ ਪੁਤਰ,**
**ਵਾਰੋ ਵਾਰੀ ਸਭ ਮੌਤ ਨੇ ਗ੍ਰਸ ਲੀਤੇ।**
**ਘਰ ਚੌੜ ਚੁਪਟ ਬਰਬਾਦ ਹੋਇਆ।**
**ਹੀਰੇ ਗੋਦੀ ਚੋਂ ਭਾਵੀ ਨੇ ਖੁਸ ਲੀਤੇ।**
**ਪਰ ਸਿਦਕ ਸਤਵੰਤ ਦਾ ਉਹ ਡਿਠਾ,**
**ਹੰਝੂ ਇਕ ਵੀ ਅੱਖਾਂ ’ਚੋਂ ਡੋਲਿਆ ਨਾ।**
**ਮੇਰੇ ਸਤਿਗੁਰੂ ਜਿਵੇਂ ਰਜਾ ਤੇਰੀ,**
**ਇਸ ਤੋਂ ਬਿਨਾਂ ਵੀ ਸ਼ਬਦ ਇਕ ਬੋਲਿਆ ਨਾ।**
**ਸਦਮਾ ਐਨਾ ਕਿ ਪਥਰ ਵੀ ਰੋ ਉਠੇ,**
**ਸਿਦਕਵਾਨ ਦਾ ਸਿਦਕ ਪਰ ਡੋਲਿਆ ਨਾ।**
**ਸਿਮਰਨ ਕਰਦੀ ਰਹੀ ਅਡੋਲ ਬੈਠੀ,**
**ਪਾ ਪਾ ਵੈਣ ਸਰੀਰ ਨੂੰ ਰੋਲਿਆ ਨਾ।**
**ਹੜ ਹੰਝੂਆਂ ਦਾ ਆਉਂਦਾ ਅਖੀਆਂ ਵਿਚੋਂ,**
**ਲਾ ਕੇ ਬੰਦਗੀ ਦਾ ਬੰਨ ਰੋਕ ਲਿਆ।**
**ਭਠੀ ਮਮਤਾ ਦੀ ਸਬਰ ਦੇ ਨਾਲ ਬੁਝ ਗਈ,**
**ਝਲ ਕੇ ਕਸ਼ਟ ਸੁਧਾਰ ਪ੍ਰਲੋਕ ਲਿਆ।**
**ਨਾਮ ਦਾਨ ਇਸ਼ਨਾਨ ਤੇ ਸਾਦਗੀ ਵਿਚ,**
**ਸੋਧ ਸਵਾਸ ਦੇ ਨਾਲ ਨਿਭਾਈ ਇਸ ਨੇ।**
**ਵੀਰ ਚਕ੍ਰੀ ਅਮਰਜੀਤ ਨੂੰ ਜਨਮ ਦੇ ਕੇ,**
**ਭਾਰਤ ਵਰਸ਼ ਦੀ ਸੋਭਾ ਵਧਾਈ ਇਸ ਨੇ।**
**ਸੀਤਾ ਅਤੇ ਸਵਿਤਰੀ ਵਾਂਗ ਸੁੰਦਰ,**

ਆਪਣੀ ਜਿੰਦਗੀ ਸੁਖੀ ਬਨਾਈ ਇਸ ਨੇ।
ਰਾਜੀ ਰਹਿ ਕੇ ਉਸ ਦੀ ਰਜਾ ਅੰਦਰ,
ਸਵਰਗਲੋਕ ਵਲ ਕੀਤੀ ਚੜਾਈ ਇਸ ਨੇ।
ਦੇਵੀ ਸਵਰਗ ਨੇ ਜਾਣ ਕੇ ਰੂਪ ਆਪਣਾ,
ਆਪਣੀ ਗੋਦੀ ਦੇ ਵਿਚ ਬਿਠਾਲ ਲਿਆ।
ਸਤਿਗੁਰੂ ਪ੍ਰਤਾਪ ਸਿੰਘ ਮਿਹਰ ਕਰ ਕੇ,
ਸਚਖੰਡ ਵਿਚ ਇਸ ਨੂੰ ਬੁਲਾ ਲਿਆ।
ਸਾਰੀ ਉਮਰ ਹੀ ਸੋਧ ਦੇ ਵਿਚ ਬੀਤੀ,
ਜੀਵਨ ਸਾਦਗੀ ਵਿਚ ਬਿਤਾ ਦਿਤਾ।
ਸ਼ਹਿਨਸ਼ਾਹ ਦੀ ਲੈ ਕੇ ਚਰਨ ਧੂੜੀ,
ਚੁਮ ਚਟ ਕੇ ਮਥੇ ਤੇ ਲਾ ਦਿਤਾ।
ਨਾਮ ਦਾਨ ਇਸ਼ਨਾਨ ਤੇ ਬੰਦਗੀ ਨੇ,
ਸੁਖਵੰਤ ਨੂੰ ਕੁੰਦਨ ਬਣਾ ਦਿਤਾ।
ਸੇਵਾ ਸਿਦਕ ਦੀ ਲਹਿਰ ਦੇ ਵਿਚ ਡੁਬੀ,
ਇਸ ਨੂੰ ਪ੍ਰੇਮ ਦੀ ਰੰਗ ਵਹਾ ਦਿਤਾ।
ਸਰਧਾਵਾਨ ਦੀ ਪ੍ਰੇਮ ਦੀ ਕਾਰ ਉਤੋਂ,
ਹੈ ਸਨ ਸਤਿਗੁਰੂ ਸਦਾ ਕੁਰਬਾਨ ਹੁੰਦੇ।
ਪਾਇਆ ਰੁਤਬਾ ਅਰਸ ਦੇ ਤਾਰਿਆਂ ਵਿਚ,
"ਆਜਿਜ" ਸਿਖ ਵਿਚ ਗੁਰੂ ਦੇ ਪ੍ਰਾਨ ਹੁੰਦੇ।

## ਮਾਤਾ ਰੱਖਾ

ਸ੍ਰੀ ਭੈਣੀ ਸਾਹਿਬ ਦੇ ਮੇਲਿਆਂ ਜਾਂ ਹੋਰ ਸਾਧ ਸੰਗਤ ਦੇ ਇਕੱਠਾਂ ਵਿਚ ਕਮਾਨ ਦੇ ਲਕ ਵਿਚ ਬਿਰਧਾ ਦੇ ਦਰਸ਼ਨ ਹੋਏ ਹੋਣਗੇ। ਇਹ ਹੈ ਮਾਤਾ ਰੱਖਾ, ਜਿਸਨੇ ਇਸ ਅਵਸਥਾ ਵਿਚ ਵੀ ਸੋਧ ਨੂੰ ਢਿੱਲਿਆਂ ਨਹੀਂ ਹੋਣ ਦਿੱਤਾ। ਹਰ ਮੇਲੇ ਅਸੂੰ ਦੇ ਮਹੀਨੇ ਭਰ ਦਾ ਜਪ ਪ੍ਰਯੋਗ ਜਾਂ ਹੋਲਾ ਮਹੱਲਾ ਹੋਵੇ ਜ਼ਰੂਰ ਪੁੱਜਦੀ ਹੈ। ਧੰਨ ਹਨ ਉਹ ਬੀਬੀਆਂ ਜਿਹੜੀਆਂ ਨਾਲ ਲੈ ਜਾਂ ਸੇਵਾ ਕਰ ਉਸਨੂੰ ਗੁਰੂ ਜਸ ਤੇ ਸਾਧ ਸੰਗਤ ਦੇ ਦਰਸ਼ਨ ਕਰਾਉਣ ਦਾ ਮੌਕਾ ਦੇਂਦੀਆਂ ਹਨ। ਇਹ ਜਦ ਦਰਬਾਰ ਵਿਚ ਜਾਂ ਸੱਚੇ ਪਾਤਸ਼ਾਹ ਦੇ ਦਰਸ਼ਨ ਕਰਦੀ ਹੈ, ਤਾਂ ਕਮਲ ਫੁਲ ਵਾਂਗੂੰ ਟਹਿਕ ਉੱਠਦੀ ਹੈ ਇੱਕੋ ਸਾਹ ਬੋਲਦੀ ਜਾਵੇਗੀ ਧੰਨ ਸਤਿਗੁਰੂ ਪ੍ਰਤਾਪ ਸਿੰਘ ਜੀ, ਧੰਨ ਸਤਿਗੁਰੂ ਪ੍ਰਤਾਪ ਸਿੰਘ ਜੀ, ਵਡ ਪ੍ਰਤਾਪ ਵਾਲੇ। ਰੰਗਾ ਨਗਰ ਦਾ ਜਪ ਪ੍ਰਯੋਗ ਚਲ ਰਿਹਾ ਸੀ ਤੇ ਇਹ ਮਾਤਾ ਡੰਗੋਰੀ ਦੇ ਸਹਾਰੇ ਨਿਤਨੇਮ ਵਲ ਜਾ ਰਹੀ ਸੀ। ਪੂਜ ਮਹਾਰਾਜ ਬੀਰ ਸਿੰਘ ਜੀ ਦੀ ਨਜ਼ਰ ਮਾਤਾ ਤੇ ਪਈ ਤੇ ਸੁੱਤੇ ਕਿਹਾ ਅਜੇਹੇ ਬਜ਼ੁਰਗਾਂ ਦੇ ਦਰਸ਼ਨ ਨਾਲ ਹੀ ਮੇਲੇ ਸਫ਼ਲ ਹੋਂਦੇ ਹਨ।

## ਬੀਬੀ ਨਰਿੰਦਰ

ਉੱਚੀ ਲੰਮੀ ਸੁਨੱਖੀ ਹਸਮੁਖ, ਖਿੜਿਆ ਮਸਤਕ, ਸਿਦਕ ਭਰੋਸੇ ਦੀ ਮੂਰਤੀ ਬੀਬੀ ਨਰਿੰਦਰ, ਸ: ਸੂਰਜ ਸਿੰਘ ਦੀ ਸਪੁੱਤਰੀ ਤੇ ਸ: ਜਸਵੰਤ ਸਿੰਘ ਦੇ ਮਹਿਲ, ਜਿਨ੍ਹਾਂ ਇਸ ਕਲਿਜੁਗ ਸਮੇਂ ਤੇ ਪੂਰੀ ਪੂਰੀ ਜਿੱਤ ਪ੍ਰਾਪਤ ਕੀਤੀ ਹੈ। ਇਸ ਬੀਬੀ ਨੂੰ ਸ੍ਰੀ ਬੀਬਾ ਜੀ ਦੀ ਸੇਵਾ ਦਾ ਸੁਭਾਗ ਪ੍ਰਾਪਤ ਹੋਇਆ ਹੈ। ਇਨ੍ਹਾਂ ਦੀ ਤਪੱਸਿਆ ਨੇ ਸਤਿਜੁਗ ਦੇ ਰਿਸ਼ੀਆਂ ਦੀ ਤਪੱਸਿਆ ਨੂੰ ਮਾਤ ਪਾ ਦਿੱਤਾ। ਸ੍ਰੀ ਜਸਵੰਤ ਸਿੰਘ ਨੈਰੋਬੀ ਬੀਬੀ ਸ੍ਰੀ ਭੈਣੀ ਸਾਹਿਬ। ਹਜ਼ਾਰਾਂ ਮੀਲਾਂ ਦਾ ਫ਼ਾਸਲਾ। ਇਕ ਦਿਨ ਨਹੀਂ ਸਗੋਂ 14-15 ਸਾਲ ਵਾਸਤੇ ਵੱਖ ਰਹਿਣਾ ਕਹਿ ਲੈਣਾ ਤਾਂ ਸੌਖਾ ਹੈ ਪਰ ਵਾਸਤਵਿਕਤਾ ਨੂੰ ਅਨੁਭਵ ਕਰਦਿਆਂ ਇਹ ਮੰਨਣਾ ਪਵੇਗਾ ਕਿ ਉਹ ਬੇਮਿਸਾਲ ਹੈ। ਇਸ ਕਲਿਜੁਗ ਦਾ ਜ਼ੋਰ ਹੋਵੇ, ਫੈਸ਼ਨ ਪ੍ਰਸਤੀ ਦਾ ਹੜ ਵਗ ਰਿਹਾ ਹੋਵੇ। ਕਾਮ, ਕ੍ਰੋਧ ਦੀਆਂ ਲਹਿਰਾਂ ਸਭ ਕਿਨਾਰਿਆਂ ਨੂੰ ਭੰਨ ਤੋੜ ਉਛਲ ਪੁਛਲ ਪੈਂਦੀਆਂ ਹੋਣ, ਉਸ ਅਵਸਥਾ ਵਿਚ ਅਡੋਲ ਤੇ ਸੇਵਾ ਭਗਤੀ ਵਿਚ ਮਸਤੀ ਬਿਨਾਂ ਕੁਝ ਵਿਖਾਈ ਨਾ ਦੇਣਾ ਮਾਤਾ ਸੀਤਾ ਤੇ ਸਵਿਤਰੀ ਸਮਾਨ ਹੈ।

## ਬੀਬੀ ਸੁਰਜੀਤ

ਇਕ ਹੋਰ ਦੇਵੀ ਦੀ ਤਸਵੀਰ ਵੀ ਦੇਖਣ ਵਾਲੀ ਹੈ। ਦੁਬਲੀ ਪਤਲੀ ਨਜ਼ਰ ਵੀ ਕਮਜ਼ੋਰ, ਪਰ ਸਾਹਸੀ ਉਧਮਣ ਸੇਵਾ ਦੀ ਗੰਗਾ ਬੀਬੀ ਸੁਰਜੀਤ ਧਰਮ ਪਤਨੀ ਸੰਤ ਸੁਖਦਰਸ਼ਨ ਸਿੰਘ ਦਿੱਲੀ। ਸੱਚੇ ਪਾਤਸ਼ਾਹ ਸ੍ਰੀ ਭੈਣੀ ਸਾਹਿਬੋਂ, ਸ੍ਰੀ ਜੀਵਨ ਨਗਰੋਂ, ਸਿਆਮ, ਅਫਰੀਕਾ ਜਾਂ ਯੂ.ਕੇ. ਤੋਂ ਆਉਣਾ ਹੋਵੇ। ਇਸਨੂੰ ਅੰਦਰੋਂ ਪਹਿਲਾਂ ਟੈਲੀਫੂਨ ਮਿਲ ਜਾਂਦਾ ਹੈ। ਇਸਨੂੰ ਆਪਣਾ ਪਰਿਵਾਰ ਪੁੱਤਰ, ਪੋਤਰੇ, ਘਰ-ਬਾਰ ਸਭ ਵਿਸਰ ਜਾਂਦਾ ਹੈ। ਲੰਗਰ ਵਿਚ ਜਾ ਹਾਜ਼ਰੀ ਹੁੰਦੀ ਹੈ। ਸੰਤ ਰਤਨ ਸਿੰਘ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸੇਵਕ ਨਿਆਂਈ ਇਸਨੂੰ ਪਤਾ ਲੱਗ ਜਾਂਦਾ ਹੈ ਕਿ ਇਸ ਵੇਲੇ ਸੱਚੇ ਪਾਤਸ਼ਾਹ ਜੀ ਨੂੰ ਇਸ ਪ੍ਰਕਾਰ ਪ੍ਰਸ਼ਾਦ ਚਾਹੀਦਾ ਹੈ। ਇਸਦਾ ਇਕ ਸੋਧਣ ਮਾਈਆਂ ਦਾ ਜਥਾ ਹੈ ਲੰਗਰ ਵਿਚ ਸਾਧ ਸੰਗਤ ਵਾਸਤੇ ਕੜਾਹ ਪ੍ਰਸ਼ਾਦਿ, ਪਲਾਉ ਖੀਰ, ਮਿੱਠੇ ਨਮਕੀਨ ਪਦਾਰਥ ਬਣਦੇ ਹਨ ਪਰ ਇਸਦਾ ਸੁਭਾਉ ਕੜਛੀ ਨਿਆਈ ਹੈ। ਆਏ ਸੱਜਣ ਨੂੰ ਛਕਾ ਕੇ ਪ੍ਰਸੰਨ ਹੁੰਦੀ ਹੈ। ਅੰਮ੍ਰਿਤ ਵੇਲੇ ਤੋਂ ਰਾਤ ਦੇ ਦਸ ਵਜ ਜਾਣ ਕੋਈ ਪਰਵਾਹ ਨਹੀਂ। ਵਾਧਾ ਇਹ ਕਿ ਮਾਣ ਨਹੀਂ। ਕੰਮ ਕਾਜ ਕਰਦਿਆਂ ਰਸਨਾ ਟਕ ਟਕ ਚਲਦੀ ਰਹਿੰਦੀ ਹੈ। ਸੰਤ ਸੁਖਦਰਸ਼ਨ ਸਿੰਘ ਵੀ ਅਲੌਕਿਕ ਦੇਸ਼ ਦੇ ਵਾਸੀ ਹਨ। ਪਤੀ ਪਤਨੀ ਦੇ ਮਿੱਠੇ ਤੇ ਨਿੱਘੇ ਸੁਭਾਅ ਕਾਰਨ ਘਰ ਸਵਰਗ ਬਣਿਆ ਪਿਆ ਹੈ।

## ਪਵਨਜੀਤ ਕੌਰ

ਚਕੋਰੀ ਵਾਂਗੂੰ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਦੀ ਚਾਹਵਾਨ ਬੀਬੀ ਪਵਨਜੀਤ ਕੌਰ ਸੁਪਤਨੀ ਸੰਤ ਸੇਵਾ ਸਿੰਘ ਤੰਬੂਆਂ ਵਾਲੇ ਦਿੱਲੀ। ਹਰ ਸਮੇਂ ਸਤਿਗੁਰਾਂ ਦੀਆਂ ਔਸੀਆਂ ਪਾਂਦੀ ਰਹਿੰਦੀ ਹੈ। ਇੱਕੋ ਲਗਨ ਰਹਿੰਦੀ ਹੈ, ਕਿ ਸਤਿਗੁਰਾਂ ਦੇ ਦਰਸ਼ਨ ਹੋਣ। ਜੇ ਦੇਰ ਹੋ ਜਾਵੇ ਤਾਂ ਸਕੱਤਰ ਸਾਹਿਬ ਸਮੇਂ ਨੂੰ ਮੁੱਖ ਰਖਦਿਆਂ ਘਰ ਚਰਨ ਪਾਣ ਦੀ ਪ੍ਰਵਾਨਗੀ ਨਾ ਦੇਣ ਤਾਂ ਚਲਦੀ ਮੋਟਰ ਅੱਗੇ ਖੜੀ ਹੋ ਰਾਹ ਰੋਕ ਲਵੇਗੀ। ਦਰਸ਼ਨ ਦਿੱਤੇ ਤੇ ਚਰਨ ਪਾਏ ਬਿਨਾ ਲੰਘਣ ਨਹੀਂ ਦੇਵੇਗੀ। ਸੱਚੇ ਪਾਤਸ਼ਾਹ ਜੀ ਵਾਸਤੇ ਮੁਰੱਬੇ ਜਾਂ ਅਚਾਰ ਪਾਈ ਰਖਦੀ ਹੈ। ਇਕ ਸੁੱਚਾ ਰੇਸ਼ਮੀ ਬਿਸਤਰਾ ਸੰਭਾਲ ਕੇ ਰਖਿਆ ਹੋਇਆ ਹੈ ਕਿ ਜਦ ਮੌਕਾ ਮਿਲੇ ਤਾਂ ਸੱਚੇ ਪਾਤਸ਼ਾਹ ਦੇ ਆਰਾਮ ਵਾਸਤੇ ਸੋਚਣਾ ਨਾ ਪਏ। ਜੇ ਕਦੇ ਪ੍ਰਤੱਖ ਦਰਸ਼ਨਾਂ ਵਿਚ ਦੇਰ ਹੋ ਜਾਵੇ ਤਾਂ ਸਪਨ ਦਰਸ਼ਨਾਂ ਵਿਚ ਕਿਰਪਾ ਹੋ ਜਾਂਦੀ ਹੈ। ਸੱਚੇ ਪਾਤਸ਼ਾਹ ਵੀ ਇਸਨੂੰ "ਜਥੇਦਾਰ" ਕਹਿ ਇਸਨੂੰ ਪ੍ਰਸੰਨ ਕਰ ਲੈਂਦੇ ਹਨ। ਇਨ੍ਹਾਂ ਦੇ ਪਤੀ ਸੰਤ ਸੇਵਾ ਸਿੰਘ ਤੇ ਵੀ ਖ਼ੁਸ਼ੀਆਂ ਹਨ। ਇਹ ਸਭ ਕੁਝ ਸਤਿਗੁਰਾਂ ਦਾ ਸਮਝਦੇ ਹਨ।

## ਬੇਬੇ ਕਰਤਾਰ ਕੌਰ

ਬੇਬੇ ਕਰਤਾਰ ਕੌਰ ਦਾ ਨਾਉਂ ਲਿਆ ਸਿਰ ਸੁੱਤੇ ਉਨ੍ਹਾਂ ਦੇ ਚਰਨਾਂ ਤੇ ਝੁਕ ਜਾਂਦਾ ਹੈ। ਇਨ੍ਹਾਂ ਨੂੰ ਸੰਤ ਧਿਆਨ ਸਿੰਘ ਹੁਰਾਂ ਦੀ ਪੁੱਤਰੀ ਮਹਾਰਾਜ ਗੁਰਦਿਆਲ ਸਿੰਘ ਜੀ ਦੇ ਮਹਿਲ ਹੋਣ ਦਾ ਸੁਭਾਗ ਪ੍ਰਾਪਤ ਸੀ। ਮਹਾਰਾਜ ਜੀ ਆਜ਼ਾਦੀ ਦੇ ਵੱਡੇ ਘੁਲਾਟੀਆਂ ਵਿੱਚੋਂ ਸਨ। ਸੰਤ ਤਰਨ ਸਿੰਘ ਜੀ ਦੀ ਲਿਖਤ ਅਨੁਸਾਰ ਇਹ ਬੇਬੇ ਜੀ ਤੇ ਇਨ੍ਹਾਂ ਦੀਆਂ ਹਮਉਮਰ ਬੀਬੀਆਂ ਲਾਹੌਰ ਸ਼ਹਿਰ ਦੇ ਪਲੇਟਫ਼ਾਰਮਾਂ ਤੇ ਖੜੇ ਹੋ ਅੰਗਰੇਜ਼ ਵਿਰੁੱਧ ਧੂਆਂਧਾਰ ਤਕਰੀਰਾਂ ਕੀਤਾ ਕਰਦੀਆਂ ਸਨ। ਮਹਾਰਾਜ ਜੀ ਲਗਾਤਾਰ ਕਈ ਕਈ ਘੰਟੇ ਲਿਖਦੇ ਰਹਿੰਦੇ ਸਨ। ਇਕ ਸਮੇਂ ਮਹਾਰਾਜ ਜੀ ਕੁਝ ਲਿਖ ਰਹੇ ਸਨ ਕਿ ਬੇਬੇ ਜੀ ਦੁੱਧ ਲੈ ਜਾ ਖਲੋਤੇ। ਮਹਾਰਾਜ ਜੀ ਨੇ ਕਿਹਾ ਜ਼ਰਾ ਰੁਕ ਜਾਵੋ। ਬੇਬੇ ਜੀ ਖਲੋ ਗਏ ਪੂਰਾ ਡੇਢ ਘੰਟਾ ਖਲੋਤੇ ਰਹੇ। ਵਿਘਨ ਨਹੀਂ ਪਾਇਆ/ਬੁਲਾਇਆ ਨਹੀਂ। ਜਦ ਮਹਾਰਾਜ ਲੇਖ ਮੁਕਾ ਲਿਆ ਤੇ ਖੜੀ ਵੇਖੀ ਤੇ ਆਖਿਆ ਤੁਸੀਂ ਇਤਨਾ ਸਮਾਂ ਖਲੋਤੇ ਰਹੇ, ਬੜੀ ਤਕਲੀਫ਼ ਉਠਾਈ ਮਾਫ਼ ਕਰ ਦੇਣਾ। ਪਰ ਬੇਬੇ ਜੀ ਨੇ ਕੇਵਲ ਇਤਨਾ ਕਿਹਾ ਮੈਂ ਸੇਵਾ ਕਰਨੀ ਹੈ, ਸਗੋਂ ਇਤਨਾ ਸਮਾਂ ਦਰਸ਼ਨਾਂ ਨੂੰ ਮਿਲਿਆ ਹੈ, ਮੇਰੇ ਧੰਨ ਭਾਗ।

## ਮਾਈ ਮਾਲਾਂ

ਮਹੰਤ ਬਾਲਾਂ ਸਿੰਘ ਜੀ ਦੀ ਧਰਮ ਪਤਨੀ, ਵੇਖਣ ਨੂੰ ਸਾਧਾਰਣ ਪਰ ਸੇਵਾ ਦੀ ਮੂਰਤੀ। ਨਾਮਧਾਰੀ ਸ੍ਰਿਸ਼ਟੀ ਸੁਧਾਰ ਸਤਿਜੁਗੀ ਆਸ਼ਰਮ ਸਨਖਤਰ ਦੇ ਵਿਦਿਆਲੇ ਵਿਚ ਜਿੱਥੇ 7-8 ਸਾਧੂ ਤੇ 20-25 ਲੜਕੇ ਵਿਦਿਆਰਥੀ ਹਮੇਸ਼ਾਂ ਰਹਿੰਦੇ। ਇਨ੍ਹਾਂ ਸਾਰਿਆਂ ਦਾ ਲੰਗਰ ਦੋਵੇਂ ਵਕਤ ਇਹ ਮਾਤਾ ਜੀ ਰੋਜ਼ ਹੀ ਚੱਕੀ ਪੀਸ ਕੇ ਕਰਿਆ ਕਰਦੇ ਸਗੋਂ ਸਵੇਰੇ ਬੱਚਿਆਂ ਦੇ ਪੜ੍ਹਨ ਬੈਠਨ ਤੋਂ ਪਹਿਲਾਂ ਲੰਗਰ ਤਿਆਰ ਕਰ ਕੇ ਛਕਾ ਦਿਆ ਕਰਦੀ ਫਿਰ ਵੱਡੀ ਸਿਫ਼ਤ ਵਾਲੀ ਗੱਲ ਇਹ ਸੀ ਕਿ ਸਾਰੇ ਬੱਚਿਆਂ ਨੂੰ ਬਿਨਾਂ ਕਿਸੇ ਵਿਤਕਰੇ ਜਾਂ ਲਿਹਾਜ਼ ਦੇ ਤਿਆਰ ਹੋਇਆ ਪਦਾਰਥ ਇੱਕੋ ਜਿਹਾ ਵਰਤਾਇਆ ਕਰਦੀ। ਹੋਰ ਤੇ ਹੋਰ ਪਦਾਰਥ ਦੀ ਵੰਡ ਵੇਲੇ ਆਪਣੇ ਪੁੱਤਰ ਆਤਮਾ ਸਿੰਘ ਦਾ ਵੀ ਕੋਈ ਲਿਹਾਜ਼ ਨਾ ਕੀਤਾ ਜਾਂਦਾ। ਜਿਹੜੇ ਲੜਕੇ ਉਸ ਆਸ਼ਰਮ ਵਿਚ 6 ਸਾਲ ਪੜ੍ਹਦੇ ਰਹੇ ਉਹਨਾਂ ਵਿੱਚੋਂ ਜੋ ਅਜੇ ਵੀ ਜੀਉਂਦੇ ਹਨ ਇਸ ਮਾਈ ਨੂੰ ਬੜੇ ਸਤਿਕਾਰ ਨਾਲ ਯਾਦ ਕਰਦੇ ਹਨ। ਸਕੂਲ ਦੇ ਬੰਦ ਹੋਣ ਤੋਂ ਬਾਅਦ ਵੀ ਇਹ ਮਾਤਾ ਸੰਮਤ 2004 ਤਕ ਡੇਰੇ ਵਿਚ ਰਹਿ ਕੇ ਲੰਗਰ ਪਕਾਉਣ ਤੇ ਛਕਾਉਣ ਦੀ ਅਨਥਕ ਸੇਵਾ ਕਰਦੀ ਰਹੀ, ਜਦੋਂ ਕਿ ਲੰਗਰ ਵਾਸਤੇ ਰਸਦ ਦਾ ਪ੍ਰਬੰਧ ਇਲਾਕੇ ਦੇ ਸਭ ਸੱਜਣਾਂ ਤੋਂ ਉਗਰਾਹੀ ਕਰ ਕੇ ਮਹੰਤ ਬੇਲਾ ਸਿੰਘ ਜੀ ਕਰਦੇ ਤੇ ਹੋਰ ਖ਼ਰਚ ਆਤਮਾ ਸਿੰਘ ਇਲਾਕੇ ਵਿਚ ਪਾਠ ਕਰਕੇ ਪੂਰਾ ਕਰਦੇ।

## ਮਾਤਾ ਠਾਕਰੀ

ਮਾਤਾ ਠਾਕਰੀ ਦੇ ਨੇਰਤਾਂ ਵਿਚ ਜੋਤ ਨਹੀਂ ਸੀ, ਪਰ ਅੰਦਰਲੀ ਜੋਤ ਲਟ ਲਟ ਪ੍ਰਕਾਸ਼ੇ। ਸਤਿਗੁਰੂ ਪ੍ਰਤਾਪ ਸਿੰਘ ਜੀ ਸਾਧ ਸੰਗਤ ਪ੍ਰਤੀ ਹੁਕਮ ਕੀਤਾ ਕਿ ਸਾਧ ਸੰਗਤ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਪਾਠ ਕਰੇ। ਮਾਤਾ ਠਾਕੁਰੀ ਮੰਡੀ ਹਿਮਾਚਲ ਪ੍ਰਦੇਸ਼ ਨੇ ਪ੍ਰਣ ਕਰ ਲਿਆ ਕਿ ਮੈਂ ਵੀ ਪਾਠਾਂ ਵਿਚ ਹਿੱਸਾ ਪਾਵਾਂਗੀ। ਉਹ ਇਕ ਤੁਕ ਯਾਦ ਕਰ ਲੈਂਦੀ ਤੇ 101 ਵੇਰ ਪਾਠ ਕਰਦੀ। ਉਸ ਬਿਰਧਾ ਨੇ ਇਸ ਢੰਗ ਨਾਲ 101 ਸਾਧਾਰਨ ਪਾਠ ਕਰ ਕੇ ਸਤਿਗੁਰਾਂ ਦੀਆਂ ਖ਼ੁਸ਼ੀਆਂ ਲਈਆਂ।

## ਮਾਤਾ ਕਰਤਾਰ ਕੌਰ ਕਕੜ

ਸ੍ਰੀ ਜੀਵਨ ਨਗਰ ਰਹਿੰਦੀ ਸੀ। ਉਸ ਕੋਲ ਮਾਈ ਦੇਵਾਂ ਨੇ 500/- ਰੁਪਿਆ ਸੰਭਾਲਿਆ ਤੇ ਆਖਿਆ। ਜਦ ਮੈਨੂੰ ਲੋੜ ਪਵੇਗੀ ਲੈ ਲਵਾਂਗੀ, ਪਰ ਜੇ ਚੜ੍ਹ ਜਾਵਾਂ ਤਾਂ ਗੁਰੂ ਕੇ ਲੰਗਰ ਪਾ ਦੇਈਂ। ਸਤਿਗਰ ਦਾ ਭਾਣਾ ਮਾਈ ਦੇਵਾਂ ਚੜ੍ਹਾਈ ਕਰ ਗਈ, ਪਰ ਮਾਤਾ ਕਰਤਾਰ ਕੌਰ ਕੋਲ ਅਮਾਨਤ ਪਈ

ਰਹੀ। ਕਰਤਾਰ ਕੌਰ ਤੇ ਸਤਿਗੁਰਾਂ ਦੀ ਕਿਰਪਾ ਸੀ, ਉਸ ਨੂੰ ਚਿੰਤਾ ਲੱਗੀ ਰਹੇ ਕਿ ਕਦ ਉਹ ਮਾਇਆ ਵਾਪਸ ਕਰਾਂ। ਪਰ ਪੈਸੇ ਆਉਣ ਨਾ। ਦਸ ਸਾਲ ਲੰਘ ਗਏ, ਪਰ ਮਾਤਾ ਨੂੰ ਪਵੀ ਚਿੰਤਾ ਖਾਈ ਜਾਏ ਕਿ ਕਿਤੇ ਕਰਜਾਈ ਨਾ ਚੜ੍ਹ ਜਾਵਾਂ। ਅੰਤ 1974 ਆ ਗਿਆ, ਕਰਤਾਰ ਕੌਰ ਨੇ ਆਪਣੇ ਪੁੱਤਰਾਂ ਅਮਰਾਉ ਸਿੰਘ ਤੇ ਸਾਹਿਬ ਸਿੰਘ ਨੂੰ ਆਖਿਆ, ਬੱਚਾ ਮੇਰਾ ਅੰਤ ਸਮਾਂ ਆ ਰਿਹਾ ਹੈ। ਪੁੱਤਾਂ 500/- ਲਿਆ ਦਿੱਤਾ, ਮਾਤਾ ਮਾਇਆ ਲੈ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਹਾਜ਼ਰ ਹੋਈ। 500/- ਅੱਗੇ ਰਖਿਆ ਤੇ ਸਾਰੀ ਵਿਥਿਆ ਸੁਣਾਈ। ਅੱਖਾਂ ਵਿਚ ਹੰਝੂ ਕੇਰਦਿਆਂ ਕਿਹਾ ਜੀ ਮੈਂ ਮੂਲ ਦਾ ਮੂਲ ਮੋੜ ਰਹੀ ਹਾਂ; ਬਿਆਜ ਨਹੀਂ ਦੇ ਸਕਦੀ। ਸੱਚੇ ਪਾਤਸ਼ਾਹ ਜੀ ਖ਼ੁਸ਼ੀਆਂ ਬਖਸ਼ਦਿਆਂ ਕਿਹਾ, ਮਾਈ ਚਿੰਤਾ ਨਾ ਕਰ, ਤੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਬਾਰ ਵਿਚ ਸੁਰਖ਼ਰੂ।

(ਚਲਦਾ)

**ਅੰਤਕਾ–**

## ਗੁਰਸਿੱਖੀ ਦੇ ਮੁੱਢਲੇ ਅਸੂਲ

1. ਅੰਮ੍ਰਿਤ ਵੇਲੇ ਉਠਣਾ, ਜਲ ਦਾ ਗੜ੍ਹਵਾ ਲੈ ਜੰਗਲ ਜਾਣਾ, ਰੇਤੇ ਨਾਲ 7 ਵੇਰ ਹੱਥ ਮਾਂਜਣੇ, ਜੰਗਲ ਨੰਗੇ ਸਿਰ ਨਹੀਂ ਬੈਠਣਾ।
2. ਸਨਕੇਸ਼ੀ ਇਸ਼ਨਾਨ ਕਰਨਾ। ਦੇਹ ਢਿੱਲੀ ਹੋਵੇ ਤਾਂ ਵੀ ਸੂਰਜ ਚੜ੍ਹਨ ਤੋਂ ਇਕ ਘੰਟਾ ਪਹਿਲਾਂ ਉਠ ਇਸ਼ਨਾਨ ਕਰ ਲੈਣਾ ਚਾਹੀਦਾ ਹੈ।
3. ਇਸ਼ਨਾਨ ਤੋਂ ਪਹਿਲਾਂ ਦਾਤਣ ਕਰਨੀ, ਬੁਰਸ਼ ਨਹੀਂ ਵਰਤਣਾ।
4. ਇਸ਼ਨਾਨ ਕਰਕੇ ਨਾਮ ਸਿਮਰਨ ਕਰਨਾ, ਮੁੜ ਪੰਜਾਂ ਬਾਣੀਆਂ ਦਾ ਪਾਠ, ਚੰਡੀ ਦੀ ਵਾਰ ਦਾ ਭੋਗ, ਸੂਰਜ ਦੀ ਟਿੱਕੀ ਨਿਕਲਣ ਤਕ ਹੋ ਜਾਣਾ ਚਾਹੀਦਾ ਹੈ।
5. ਇਕ ਮਾਲਾ ਭਜਨ ਤੇ ਇਕ ਮਾਲਾ ਭਗੌਤੀਆਂ ਦੀ ਰੋਜ਼ ਨੇਮ ਨਾਲ।
6. ਇਕ ਘੰਟਾ ਨਾਮ ਸਿਮਰਨ, ਸਾਲ ਦੇ 365 ਘੰਟੇ ਸਿਮਰਨ ਹੋਣਾ ਜ਼ਰੂਰੀ ਹੈ।
7. ਸੋਧ ਰਖਣੀ। ਨਲਕੇ ਦਾ ਜਲ ਤੇ ਉਸ ਤੋਂ ਬਣੀਆਂ ਵਸਤਾਂ ਦਾ ਪਰਹੇਜ਼।
8. ਮਾਸ, ਸ਼ਰਾਬ, ਅੰਡਾ, ਮੱਛੀ ਤੇ ਹੋਰ ਨਸ਼ੀਲੀ ਵਸਤਾਂ ਨੂੰ ਨਹੀਂ ਵਰਤਣਾ।
9. ਚਾਹ, ਕਾਫੀ, ਕੋਕਾ ਕੋਲਾ ਆਦਿ ਨਹੀਂ ਪੀਣੇ।
10. (ੳ) ਦੇਹਧਾਰੀ ਗੁਰੂ ਤੇ ਵਿਸ਼ਵਾਸ। (ਅ) ਗੁਰਬਾਣੀ ਅਨੁਸਾਰ ਗੁਰੂ ਦੀ ਆਗਿਆ ਪਾਲਣ ਕਰਨੀ ਤੇ ਜੀਵਨ ਗੁਜ਼ਾਰਨਾ। ਗੁਰੂ ਹੀ ਜੀਵਨ ਦੀ ਸਰਲ ਕੁੰਜੀ ਹੈ।
11. ਸਿੰਘ ਤੇ ਮਾਈਆਂ ਨਾਮਧਾਰੀ ਚਿੱਟਾ ਬਾਣਾ ਧਾਰਨ ਕਰਨ। ਕਛਹਿਰਾ ਵੀ ਚਿੱਟਾ ਹੋਵੇ, ਮਾਲਾ ਵੀ ਉੱਨ ਦੀ ਚਿੱਟੀ ਚਾਹੀਦੀ ਹੈ।
12. ਸਿੰਘਾਂ ਦੀ ਸਿੱਧੀ ਗੁਰਮੁਖੀ ਦਸਤਾਰਾਂ।
13. ਬੀਬੀਆਂ ਵੀ ਕੇਸਾਂ ਦਾ ਜੂੜਾ ਗਿੱਚੀ ਵਿਚ, ਗੁੱਤ ਨਹੀਂ ਕਰਨੀ।

14. ਨੱਕ, ਕੰਨ ਨਹੀਂ ਵਿੰਨ੍ਹਣੇ, ਗਹਿਣਾ ਨਹੀਂ ਪਾਣਾ, ਘੁੰਡ ਨਹੀਂ ਕੱਢਣਾ, ਲਿਪਸਟਿਕ, ਨੇਲ ਪਾਲਿਸ਼ ਨਹੀਂ ਵਰਤਣੇ, ਭਰਵਟੇ ਨਹੀਂ ਬਨਾਣੇ। ਐਸੇ ਬਸਤਰ ਨਹੀਂ ਪਾਣੇ ਜਿਸ ਨਾਲ ਸ਼ਰੀਰ ਦਾ ਨੰਗੇਜ ਪ੍ਰਗਟ ਹੋਵੇ।
15. ਚੂੜੀਦਾਰ ਸੁੱਥਣ ਪਾਈ ਜਾਵੇ।
16. ਰੋਮਾਂ ਦੀ ਬੇਅਦਬੀ ਵਿਵਰਜਤ।
17. ਛਰਲਾ ਛੱਡਣ ਉਪਰੰਤ ਜਲ ਦੀ ਵਰਤੋਂ ਕਰਨੀ।
18. ਧਰਮ ਦੀ ਕਿਰਤ; ਵਿਆਜ਼ ਨਹੀਂ ਲੈਣਾ, ਗੁਰੂ ਕੇ ਲੰਗਰ ਵਾਸਤੇ ਦਸਵੰਦ ਜ਼ਰੂਰ।
19. ਗ਼ਲਤ ਵਿਆਹ ਨਾ ਹੋਣਾ, ਕੇਵਲ ਸਤਿਗੁਰਾਂ ਦੀ ਪ੍ਰਵਾਨਗੀ ਨਾਲ ਦੀਵਾਨਾਂ ਵਿਚ ਅਨੰਦ ਕਾਰਜ ਕੀਤੇ ਜਾਣ।
20. ਦਾਜ, ਦਹੇਜ, ਮਿਲਣੀ, ਮੁਕਲਾਵੇ, ਛੁਹਾਰਾ, ਠਾਕਾ, ਚੁੰਨੀ ਚੜ੍ਹਾਨੀ ਸਖ਼ਤ ਵਿਵਰਜਤ, ਇਹ ਗੁਰਮਤ ਦੇ ਵਿਰੁੱਧ ਹਨ।
21. ਅਨੰਦ ਕਾਰਜ ਸਮੇਂ ਸ੍ਰੀ ਗੁਰੂ ਗ੍ਰੰਥਾ ਸਾਹਿਬ ਜੀ ਦਾ ਭੋਗ ਪਵੇ, ਇਸ ਸੰਬੰਧ ਵਿਚ, ਘਰ ਵਿਚ ਪਾਠ, ਅਖੰਡ ਜਾਂ ਵਰਨੀ ਗੁਰਮਤ ਦੇ ਵਿਰੁੱਧ।
22. ਪੰਜ ਕਕਾਰ ਦੀ ਰਹਿਤ ਜ਼ਰੂਰੀ, ਨੀਲ ਨਹੀਂ ਵਰਤਣਾ, ਨੀਲੇ ਰੰਗ ਦੇ ਲੀੜੇ ਨਹੀਂ ਪਾਣੇ।
23. ਭੁੱਖ ਨੂੰ ਪ੍ਰਸ਼ਾਦਾ, ਨੰਗੇ ਨੂੰ ਕੱਪੜਾ ਦੇਣਾ ਧਰਮ ਹੈ।
24. ਗਊ ਗ਼ਰੀਬ ਦੀ ਰਖਿਆ ਲਾਜ਼ਮੀ।
25. ਬੱਚਿਆਂ ਨੂੰ ਬਿਠਾ ਕੇ ਭਜਨ ਕਰਾਣਾ ਤੇ ਅਰਦਾਸਾ ਯਾਦ ਕਰਾਣਾ।
26. ਮ੍ਰਿਤਕ ਸਰੀਰ ਦਾ ਚੌਥਾ ਨਹੀਂ ਕਰਨਾ, ਧਾਗੇ, ਤਵੀਤ, ਮੜ੍ਹੀਆਂ ਨੂੰ ਨਹੀਂ ਪੁੱਜਣਾ।
27. ਪ੍ਰਾਣੀ ਦੇ ਚੜ੍ਹ ਜਾਣ ਤੇ ਕੇਵਲ ਸਾਧਾਰਨ ਪਾਠ।
28. ਗੁਰਪੁਰਬ ਸਮੇਂ ਵੀ ਸਾਧਾਰਨ ਪਾਠ।
29. ਅੰਸੂ ਦੇ ਮੇਲੇ ਤੇ ਹੋਲੇ ਮਹੱਲੇ ਦੇ ਸਮਾਗਮ ਤੇ ਸੌ ਕੰਮ ਛੱਡ ਕੇ ਵੀ ਪੁੱਜਿਆ ਜਾਵੇ। ਬੱਚਿਆਂ ਨੂੰ ਨਾਲ ਲਿਆਂਦਾ ਜਾਵੇ ਤੇ ਸਾਧ ਸੰਗਤ ਦੇ ਦਰਸ਼ਨ ਕਰਾਏ ਜਾਣ।
30. ਮੇਲਿਆਂ ਵਿਚ ਆ ਕੇ ਤਨ, ਮਨ ਤੇ ਧਨ ਨਾਲ ਸੇਵਾ ਕਰਨੀ।
31. ਸਰਬਤ ਦੇ ਭਲੇ ਵਾਸਤੇ ਅਰਦਾਸਾ ਜ਼ਰੂਰ ਕੀਤਾ ਜਾਵੇ।

## ਇਹ ਦਿਲ ਨੂੰ ਹਾਨੀ ਪਹੁੰਚਾਂਦੇ ਹਨ

ਵਿਸ਼ਵ ਦੀ ਸਵਾਸਥ ਸੰਸਥਾ ਨੇ ਤਜ਼ਰਬੇ ਕੀਤੇ ਹਨ, ਤੇ ਉਨ੍ਹਾਂ ਸਪੱਸ਼ਟ ਕਰ ਵਖਾਇਆ ਹੈ ਕਿ ਸਾਫਟ ਵਾਟਰ ਦਿਲ ਦੇ ਰੋਗਾਂ ਵਾਸਤੇ ਹਾਨੀਕਾਰਕ ਹੈ ਕਿਉਂਕਿ ਇਨ੍ਹਾਂ ਵਿਚ ਕੈਲਸ਼ੀਅਮ ਤੇ ਮੈਗਨੇਸ਼ੀਅਮ ਦੀ ਘਾਟ ਹੁੰਦੀ ਹੈ। ਇਹ ਵਧੇਰੇ ਕਰਕੇ ਤੇਜ਼ਾਬੀ ਹਨ। ਇਕ ਹੋਰ ਗੱਲ ਵੀ ਧਿਆਨ ਵਿਚ ਰੱਖਣ ਵਾਲੀ ਹੈ ਕਿ ਜਿਹੜਾ ਪਾਣੀ ਪਾਈਪਾਂ ਰਾਹੀਂ ਲੰਘਦਾ ਹੈ, ਉਸ ਵਿਚ ਕੈਲਸ਼ੀਅਮ ਤੇ ਸਿੱਕੇ ਦੇ ਤੱਤ ਘੁਲ ਜਾਂਦੇ ਹਨ, ਇਸ ਵਾਸਤੇ ਉਹ ਜਲ ਨੁਕਸਾਨਦੇਹ ਹੋ ਜਾਂਦਾ ਹੈ। ਖੂਹ, ਸਰੋਵਰ ਤੇ ਨਦੀਆਂ ਦੇ ਪਾਣੀਆਂ ਵਿਚ ਸਾਰੇ ਗੁਣ ਕਾਇਮ ਹੁੰਦੇ ਹਨ, ਇਸ ਵਾਸਤੇ ਇਹ ਵਰਤਣ ਯੋਗ ਹਨ।

(ੳ) ਕਾਫੀ, ਸਿਗਰਟਾਂ ਨਾਲੋਂ ਵੀ ਦਿਲ ਵਾਸਤੇ ਹਾਨੀਕਾਰਕ ਹੈ ਕਿ ਉਹ ਕਾਫੀ ਚਰਬੀ ਨੂੰ ਖੂਨ ਵਿਚ ਰਲਾ ਦੇਂਦੀ ਹੈ।

(ਅਲਸਟ੍ਰਡ ਵੀਕਲੀ, 26 ਅਗਸਤ 1973)

(ਅ) ਕਾਫੀਨ ਕਈ ਬਿਮਾਰੀਆਂ ਲਈ ਉਤੇਜਤ ਨਸ਼ੀਲੀ ਵਸਤੂ ਹੈ, ਵੱਖੋ ਵੱਖਰੀ ਉਮਰ, ਲਿੰਗ ਤੇ ਸਰੀਰਕ ਬਣਤਰ ਲਈ ਇਸ ਦਾ ਅਸਰ ਅਲੱਗ ਅਲੱਗ ਹੁੰਦਾ ਹੈ। ਇਸ ਨਾਲ ਕੈਂਸਰ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ।

(ੲ) ਇਹ ਦਿਲ ਦੀ ਧੜਕਣ ਨੂੰ ਤੇਜ਼ ਕਰਦੀ ਹੈ ਅਤੇ ਪਾਚਨ ਕ੍ਰਿਆ ਵਿਚ ਵਿਘਣ ਪਾਂਦੀ ਹੈ।

(ਸ) ਕਾਫੀ ਪੀਣ ਦਾ ਸਿੱਧਾ ਭੈੜਾ ਪ੍ਰਭਾਵ ਛਾਤੀ, ਗੁਰਦਾ ਤੇ ਪਾਚਨ ਗਰੰਥੀ ਤੇ ਪੈਂਦਾ ਹੈ, ਜਿਸ ਨਾਲ ਕੈਂਸਰ ਦੀ ਸੰਭਾਨਾ ਵੱਧ ਜਾਂਦੀ ਹੈ।

(ਹ) ਛਾਤੀਆਂ ਰਾਹੀਂ ਦੁੱਧ ਪਿਆਣ ਵਾਲੀਆਂ ਮਾਵਾਂ ਨੂੰ ਕਾਫੀ ਨਹੀਂ ਪੀਣੀ ਚਾਹੀਦੀ, ਕਿਉਂਕਿ ਇਸ ਨਾਲ ਬੱਚਿਆਂ ਦੀ ਸਿਹਤ ਖ਼ਰਾਬ ਹੋ ਜਾਂਦੀ ਹੈ।

(ਜੀਇਸ਼ ਵੈਜੀਟੇਰੀਅਨ, ਸੰਤਬਰ 1988)

## ਟੀ.ਵੀ. ਦੇ ਕਾਰਨਾਮੇ

(ੳ) ਟੀ.ਵੀ ਰਾਹੀਂ ਵਿਦੇਸ਼ੀ ਕੰਪਨੀਆਂ ਆਪਣੇ ਵੈਚਾਰਿਕ ਕਾਰ-ਕ੍ਰਮਾਂ ਰਾਹੀਂ ਤੇ ਮਨੋਰੰਜਨ ਦੇ ਕ੍ਰਮਾਂ ਨਾਲ ਹਿੰਸਾ, ਕਾਮ ਚੇਸ਼ਟਾ, ਜੰਗੀ ਭਾਵਨਾ ਪੈਦਾ ਕਰਨ ਵਾਲੇ ਕਾਰ-ਕ੍ਰਮ ਕਰਦੀਆਂ ਹਨ, ਜਿਨ੍ਹਾਂ ਦਾ ਮੰਦਾ ਪ੍ਰਭਾਵ ਪੈਂਦਾ ਹੈ। ਇਨ੍ਹਾਂ ਵਿੱਚੋਂ ਵਧੇਰੇ ਕਰਕੇ ਕ੍ਰਮ ਅਜੇਹੇ ਹੁੰਦੇ ਹਨ, ਤੇ ਐਸੇ ਸਮੇਂ ਹੁੰਦੇ ਹਨ ਜਦੋਂ ਵਧੇਰੇ ਕਰਕੇ ਬੱਚੇ ਟੀ.ਵੀ. ਦੇਖਦੇ ਹਨ।

(ਨਵ-ਭਾਰਤ ਟਾਈਮਜ਼, 13 ਨਵੰਬਰ 1988)

(ਅ) ਕੁਝ ਸਮਾਂ ਹੋਇਆ ਡੇਲੀ ਟ੍ਰਿਬਿਊਨ ਵਿਚ ਪ੍ਰਕਾਸ਼ਤ ਹੋਇਆ ਸੀ, ਇਸ ਜਾਦੂ ਦੀ ਡੱਬੀਆਂ ਤੋਂ ਖ਼ਬਰਦਾਰ ਰਹੋ ਇਸ ਨਾਲ ਅੱਖਾਂ ਤੇ ਬੁਰਾ ਅਸਰ ਹੁੰਦਾ ਹੈ। ਚਾਲ ਚਲਨ ਵੀ ਵਿਗੜਨ ਦੀ ਸੰਭਾਵਨਾ ਵੱਧਦੀ ਹੈ।

## ਫੈਸ਼ਨਾਂ ਤੋਂ ਦੂਰ ਰਹੋ ਆਦ੍ਰਿਸ਼ਵਾਦੀ ਬਣੋ

ਚੀਨ ਨੇ 40 ਕਰੋੜ ਵਿਗੜ ਰਹੇ ਸਕੂਲੀ ਬੱਚਿਆਂ ਨੂੰ ਤਾੜਨਾਂ ਕਰਦਿਆਂ ਐਲਾਨ ਕੀਤਾ ਹੈ ਕਿ ਫੈਸ਼ਨ ਦੇ ਰਾਹ ਨਾ ਪੈਣ ਤੇ ਪੜ੍ਹਾਈ ਵੱਲ ਧਿਆਨ ਦੇਣ। ਕੁੜੀਆਂ ਲਿਪਸਟਿਕ, ਨੇਲ ਪਾਲਿਸ਼, ਗਹਿਣਿਆਂ ਤੇ ਉੱਚੀ ਅੱਡੀ ਵਾਲੀ ਗੁਰਗਾਬੀ ਦੇ ਨੇੜੇ ਨਾ ਜਾਣ। ਵਿਦਿਆਰਥੀ ਡਿਸਕੋ ਨੂੰ ਵੀ ਦੂਰੋਂ ਮੱਥਾ ਟੇਕਣ ਤੇ ਆਦ੍ਰਿਸ਼ਵਾਦੀ ਬਣਨ।

(ਚਾਇਨਾ ਨਿਊਜ਼ ਏਜੰਸੀ ਤੇ ਟਾਈਮਜ਼ ਆਫ਼ ਇੰਡੀਆ, 25-9-1999)

## ਬੀੜੀ-ਸਿਗਰਟ ਬਿਮਾਰੀਆਂ ਦੀ ਜੜ

ਬੀੜੀ-ਸਿਗਰਟ ਤੇ ਤੰਬਾਕੂ ਦੇ ਸੇਵਨ ਨਾਲ ਇਕ ਮਨੁੱਖ ਦੀ ਉਮਰ ਲੱਗਭਗ 6 ਵਰ੍ਹੇ ਘੱਟ ਜਾਂਦੀ ਹੈ। ਇਸ ਤੋਂ ਇਲਾਵਾ ਫੇਫੜੇ ਦਾ ਕੈਂਸਰ, ਦਿਲ ਦਾ ਦੌਰਾ, ਦਮਾ ਆਦਿ ਬਿਮਾਰੀਆਂ ਵੀ ਬੀੜੀ-ਸਿਗਰਟ ਪੀਣ ਨਾਲ ਹੁੰਦੀਆਂ ਹਨ। ਅੰਕੜੇ ਦੱਸਦੇ ਹਨ ਕਿ 45 ਸਾਲ ਤੋਂ ਘੱਟ ਉਮਰ ਦੇ ਵਰਗ ਵਿਚ ਦਿਲ ਦਾ ਦੌਰਾ ਪੈਣ ਨਾਲ ਮਰਨ ਵਾਲਿਆਂ ਵਿਚ 80 ਪ੍ਰਤੀਸ਼ਤ ਲੋਕ ਅਜਿਹੇ ਹਨ, ਜਿਹੜੇ ਬੀੜੀ-ਸਿਗਰਟ ਪੀਂਦੇ ਹਨ ਜਾਂ ਤੰਬਾਕੂ ਦਾ ਸੇਵਨ ਕਰਦੇ ਹਨ। ਜੋ ਲੋਕ ਹਰ ਰੋਜ਼ 20 ਸਿਗਰਟਾਂ ਪੀਂਦੇ ਹਨ, ਉਨ੍ਹਾਂ ਨੂੰ ਆਮ ਲੋਕਾਂ ਦੇ ਮੁਕਾਬਲੇ ਦਿਲ ਦਾ ਦੌਰਾ ਪੈਣ ਦੀ ਦੁਗਣੀ ਸੰਭਾਵਨਾ ਹੁੰਦੀ ਹੈ ਅਤੇ ਦਿਨ ਵਿਚ 40 ਸਿਗਰਟਾਂ ਪੀਣ ਵਾਲੇ ਵਿਸ਼ੇਸ਼ ਕਰਕੇ 50 ਸਾਲ ਤੋਂ ਵੱਧ ਉਮਰ ਵਾਲੇ ਲੋਕਾਂ ਜਿਹੜੇ ਕਈ ਵਰ੍ਹਿਆਂ ਤੋਂ ਸਿਗਰਟ ਪੀ ਰਹੇ ਹਨ, ਨੂੰ ਦਿਲ ਦਾ ਦੌਰਾ ਪੈਣ ਦੀ ਸੰਭਾਵਨਾ ਹੋਰਨਾਂ ਲੋਕਾਂ ਦੇ ਮੁਕਾਬਲੇ ਦਸ ਗੁਣਾਂ ਵੱਧ ਜਾਂਦੀ ਹੈ। ਅੰਕੜਿਆਂ ਤੋਂ ਇਹ ਗੱਲ ਵੀ ਸਾਹਮਣੇ ਆਈ ਹੈ ਕਿ 45 ਸਾਲ ਤੋਂ ਘੱਟ ਉਮਰ ਵਿਚ ਦਿਲ ਦਾ ਦੌਰਾ ਪੈ ਕੇ ਮਰਨ ਵਾਲੇ 80 ਫੀਸਦੀ ਲੋਕਾਂ ਦੀ ਮੌਤ ਦਾ ਕਾਰਨ ਸਿਗਰਟ ਜਾਂ ਬੀੜੀ ਪੀਣਾ ਹੁੰਦਾ ਹੈ ਅਤੇ ਦਿਲ ਦੇ ਦੌਰੇ ਵਿਚ ਅਚਾਨਕ ਮੌਤ ਦੇ ਮਾਮਲੇ, ਸਾਧਾਰਨ ਲੋਕਾਂ ਦੇ ਮੁਕਾਬਲੇ ਇਨ੍ਹਾਂ ਲੋਕਾਂ ਵਿਚ ਦੁਗਣੇ ਹੁੰਦੇ ਹਨ।

**ਗੁਰਬਖਸ਼ ਸਿੰਘ**

ਸਤਿਜੁਗ 5 ਕਤਕ 2045

## ਰੰਗਾਂ ਤੋ ਖ਼ਤਰੇ

ਅਮਰੀਕਾ ਦੇ ਮਨੋ-ਵਿਗਿਆਨੀਆਂ ਨੇ ਇਕ ਡੂੰਘੇ ਅਧਿਅਨ ਕਰਕੇ ਇਹ ਪਤਾ ਲਗਾਣ ਦੇ ਜਤਨ ਕੀਤੇ ਹਨ ਕਿ ਬੱਚਿਆਂ ਦੀ ਸਿਹਤ ਅਜੇਹੀ ਕਿਉਂ ਹੈ। ਸ਼ੁਰੂ ਵਿਚ ਉਨ੍ਹਾਂ ਨੂੰ ਇਉਂ ਲੱਗਿਆ ਕਿ ਹੋ ਸਕਦਾ ਹੈ ਕਿ ਪਰੀਯਾਵਰਣ

ਜ਼ਿੰਮੇਵਾਰ ਹੈ, ਪਰੰਤੂ ਫਿਰ ਸੱਤਰ ਦੇ ਦਹਾਕੜੇ ਵਿਚ ਅਮਰੀਕਾ ਦੇ ਡਾ: ਫਾਈਨਗੋਲਡ ਦੀ ਖੋਜ ਨੇ ਇਸ ਸਮੱਸਿਆ ਬਾਰੇ ਨਵਾਂ ਮੋੜ ਲਿਆ ਹੈ। ਪਤਾ ਲੱਗਾ ਹੈ ਕਿ ਖਾਦ-ਪਦਾਰਥਾਂ ਵਿਚ ਜਿਹੜੇ ਰੰਗ ਤੇ ਖੁਸ਼ਬੋਆਂ ਰਲਾਈਆਂ ਜਾਂਦੀਆਂ ਹਨ, ਬੱਚਿਆਂ ਦੀ ਅਜੇਹੀ ਸਿਹਤ ਦੇ ਉਹ ਜ਼ਿੰਮੇਵਾਰ ਹਨ।

ਬਰਤਾਨੀਆ ਦੇ ਖੇਤੀ-ਮੰਤਰਾਲੇ ਨੂੰ ਵੀ ਅਜੇਹੇ ਪ੍ਰਮਾਣ ਮਿਲੇ ਹਨ। ਜਿਸ ਤੋਂ 1986 ਦੇ ਅੰਤ ਵਿਚ ਸਕੂਲੀ ਬੱਚਿਆਂ ਦੇ ਖਾਣ ਵਾਲੀਆਂ ਵਸਤੂਆਂ ਵਿਚ ਰੰਗ ਤੇ ਖੁਸ਼ਬੋਆਂ ਰਲਾਣ ਤੇ ਰੋਕ ਲਾ ਦਿੱਤੀ। ਜਿਨ੍ਹਾਂ ਰਸਾਇਣਾਂ ਤੋਂ ਇਹ ਕ੍ਰਿਤਮ ਰੰਗ ਤੇ ਖੁਸ਼ਬੋਆਂ ਪ੍ਰਾਪਤ ਕੀਤੀਆਂ ਜਾਂਦੀਆਂ ਹਨ, ਉੱਥੋਂ ਕਾਮਿਆਂ ਵਿੱਚੋਂ ਕਿਸੇ ਨੂੰ 'ਅਲਰਜੀ', ਕਿਸੇ ਨੂੰ 'ਖਾਰਿਸ਼' ਤੇ ਕਿਸੇ ਨੂੰ ਦਮਾ ਵੀ ਹੋ ਜਾਂਦਾ ਹੈ। ਪਰੰਤੂ ਇਹ ਰੰਗ ਵਧੇਰੇ ਕਰਕੇ ਬੱਚਿਆਂ ਦੀ ਸਿਹਤ ਤੇ ਅਸਰ ਪਾਂਦੇ ਹਨ।

ਇਨ੍ਹਾਂ ਗੱਲਾਂ ਨੂੰ ਧਿਆਨ ਵਿਚ ਰੱਖਦਿਆਂ ਬਰਤਾਨੀਆ ਦੀ ਸਰਕਾਰ ਨੇ ਖਾਣ ਵਾਲੀਆਂ ਚੀਜ਼ਾਂ ਵਿਚ ਇਹ ਰੰਗ ਅਤੇ ਖੁਸ਼ਬੋਆਂ ਮਿਲਾਣ ਬਾਰੇ ਕਾਨੂੰਨ ਪਾਸ ਕੀਤੇ ਹਨ। ਇਸ ਵਾਸਤੇ ਪ੍ਰੋਸੇਡ ਫੂਡ ਜਾਂ ਤਿਆਰ ਕੀਤੀਆਂ ਖਾਣ ਵਾਲੀਆਂ ਵਸਤਾਂ ਦੇ ਡੱਬਿਆਂ ਤੇ ਇਹ ਲਿਖਣਾ ਜ਼ਰੂਰੀ ਹੋ ਗਿਆ ਹੈ ਕਿ ਇਨ੍ਹਾਂ ਵਿਚ ਕਿਹੜੀ ਕਿਹੜੀ ਸ਼ੈ ਮਿਲਾਈ ਗਈ ਹੈ।

(ਨਿਊ ਭਾਰਤ ਟਾਈਮਜ਼, 24-9-1988)

## ਸ਼ਰਾਬ ਦੇ ਔਗੁਣ

1. ਸ਼ਰਾਬ ਪੀਣ ਨਾਲ ਜਿਗਰ ਇਤਨਾ ਸਖ਼ਤ ਹੋ ਜਾਂਦਾ ਹੈ ਕੀ ਚਾਕੂ ਨਾਲ ਵੀ ਨਹੀਂ ਕਟਿਆ ਜਾਂਦਾ। **ਡਾ: ਹੋਸੇਕ**
2. ਯਾਦ ਰੱਖੋ ਸ਼ਰਾਬ ਪੀਣ ਨਾਲ ਜਿਹੜਾ ਆਪਣੇ ਲੀਵਰ ਨੂੰ ਨੁਕਸਾਨ ਪੁਚਾ ਰਹੇ ਹੋ, ਉਹ ਤੁਹਾਡੀ ਪੀੜ੍ਹੀ-ਦਰ-ਪੀੜ੍ਹੀ ਚੱਲਦਾ ਰਹੇਗਾ। ਇਹ ਆਤਮ ਹੱਤਿਆ ਬਰਾਬਰ ਹੈ। **ਡਾ: ਲੀ**
3. ਜਿਸ ਤਰ੍ਹਾਂ ਕਾਸਟਿਕ ਦਾ ਸਰੀਰ ਉੱਤੇ ਅਸਰ ਹੁੰਦਾ ਹੈ, ਉਸੇ ਤਰ੍ਹਾਂ ਸ਼ਰਾਬ ਦਾ ਅਸਰ ਸਰੀਰ ਉੱਤੇ ਹੁੰਦਾ ਹੈ। **ਪ੍ਰੋਫ਼ੈਸਰ ਮਰੇ ਹਟਨ**
4. ਜ਼ਹਿਰਾਂ ਦੀ ਲਿਸਟ ਵਿਚ ਸ਼ਰਾਬ ਦਾ ਨਾਂ ਸਭ ਤੋਂ ਉੱਤੇ ਹੈ। **ਡਾ: ਲੀ**
5. ਸ਼ਰਾਬੀ ਬੰਦੇ ਦਾ ਲੀਵਰ, ਦਿਲ ਫੇਫੜੇ, ਅੱਖਾਂ, ਕੰਨ, ਪਾਚਨ ਪ੍ਰਣਾਲੀ ਗੁਰਦੇ ਆਦਿ ਸਾਰੇ ਅੰਗ ਜਵਾਬ ਦੇ ਜਾਂਦੇ ਹਨ। ਬਲੱਡ ਪ੍ਰੈਸ਼ਰ ਵੀ ਉੱਚਾ ਹੋ ਜਾਂਦਾ ਹੈ। **ਡਾ: ਸੰਤੋਸ਼ ਕੁਮਰੀ ਤੋਮਰ**

(ਕੁਦਰਤੀ ਇਲਾਜ਼ ਅਤੇ ਭੋਜਨ (ਪੰਨਾ 74-75)

# ਮਾਸ ਅਤੇ ਔਂਡੇ

1. ਵਿਗਿਆਨਕ ਪਰੀਖਣ ਨਾਲ ਇਹ ਸਾਬਤ ਹੋਇਆ ਹੈ ਕਿ ਆਂਡਿਆਂ ਵਿਚ ਲੱਗਭਗ 4 ਗਰੇਨ ਕੋਲੇਸਟੋਰਲ ਨਾਂ ਦਾ ਭਿਆਨਕ ਤੱਤ ਹੁੰਦਾ ਹੈ। ਜਿਸ ਨਾਲ ਦਿਲ ਦੀ ਬਿਮਾਰੀ, ਹਾਈ ਬਲੱਡ ਪ੍ਰੈਸ਼ਰ, ਧਮਨੀਆਂ ਵਿਚ ਜ਼ਖ਼ਮ, ਗੁਰਦਿਆਂ ਦੀ ਬਿਮਾਰੀ, ਪਿੱਤੇ ਦੀ ਥੈਲੀ ਵਿਚ ਪੱਥਰੀ ਆਦਿ ਰੋਗ ਪੈਦਾ ਹੁੰਦੇ ਹਨ।

**ਡਾ: ਰੋਬਰਟ ਗਰੋਸ ਤੇ ਡਾ: ਕੈਥਰੀਨ**

2. ਆਂਡਿਆਂ ਵਿਚ ਕਾਰਬੋਹਾਈਡਰੇਟਸ ਬਿਲਕੁਲ ਨਹੀਂ ਹੁੰਦੇ, ਅਤੇ ਕੈਲਸ਼ੀਅਮ ਵੀ ਬਹੁਤ ਘੱਟ ਹੁੰਦਾ ਹੈ, ਇਸ ਵਾਸਤੇ ਢਿੱਡ ਵਿਚ ਸੜਾਨ ਪੈਦਾ ਹੁੰਦੀ ਹੈ। **ਡਾ: ਈ.ਵੀ.ਐਸ., ਸੀ ਕਾਲਮ**

3. ਜੇਕਰ ਖ਼ੁਰਾਕ ਨੂੰ ਮਾਸ ਰਹਿਤ ਬਣਾ ਦਿੱਤਾ ਜਾਵੇ ਤਾਂ ਬਿਮਾਰੀਆਂ ਅਤੇ ਮੌਤ ਦਰ ਵਿਚ ਜ਼ਿਆਦਾ ਤੋਂ ਜ਼ਿਆਦਾ ਕਮੀ ਆ ਜਾਂਦੀ ਹੈ।

**ਡਾ: ਐਲਵਿਨ ਈ. ਐਡੇਮਸ ਐਮੀਡੀ.ਯੂ.ਏ.**

4. ਮਾਸ ਅਤੇ ਮੱਛੀ ਵਿਚ ਯੂਰਿਕ ਐਸਿਡ ਦੀ ਮਾਤਰਾ ਬਹੁਤ ਜ਼ਿਆਦਾ ਪਾਈ ਜਾਂਦੀ ਹੈ, ਜਿਸ ਕਾਰਨ ਬਿਮਾਰੀਆਂ ਪੈਦਾ ਹੁੰਦੀਆਂ ਹਨ।

**ਡਾ: ਅਲੈਗਜ਼ੈਂਡਰ ਹੈਗ, ਐਮ.ਡੀ., ਲੰਡਨ**

(ਕੁਦਰਤੀ ਇਲਾਜ਼ ਅਤੇ ਭੋਜਨ, ਪੰਨਾ 70–71)

# ਸੁੰਦਰਤਾ ਤੇ ਕੀਤਾ ਖ਼ਬਚ ਕਿੰਨਾ ਠੀਕ?

ਜੇਕਰ ਕੋਈ ਨਾਰੀ ਆਪਣੇ ਆਪ ਨੂੰ ਹਰ ਵਕਤ ਸੁੰਦਰ ਦਿਖਾਈ ਦੇਣ ਲਈ ਮੇਅਕਪ ਕਰੀ ਰੱਖੇਗੀ ਤਾਂ ਮੇਅਕਪ ਉਤਰ ਜਾਣ ਤੇ ਤਵਚਾ ਨਿਰਜੀਵ, ਨਿਸਤੇਜ ਤਥਾ ਸਾਂਵਲੀ ਜਿਹੀ ਦਿਖਾਈ ਦੇਵੇਗੀ ਅਤੇ ਬਿਨਾਂ ਲਿਪਸਟਿਕ ਦੇ ਹੋਂਠ ਕਾਲੇ ਤੇ ਝੁੱਰੀਆਂ ਨਾਲ ਭਰੇ ਨਜ਼ਰ ਆਉਣਗੇ। ਤਾਂ ਫਿਰ ਮੇਅਕਪ ਤੇ ਕੀਤੇ ਖ਼ਰਚ ਦਾ ਕੀ ਫ਼ਾਇਦਾ?

ਇਸੇ ਤਰ੍ਹਾਂ ਇਹਨਾਂ ਵਸਤੂਆਂ ਦੇ ਲਗਾਣ ਨਾਲ ਹੋਰ ਕੀ ਕੀ ਨੁਕਸਾਨ ਹੁੰਦੇ ਹਨ ਉਹ ਵੀ ਵੇਖ ਲਏ ਜਾਣ:-

1. ਫਾਊਂਡੇਸ਼ਨ ਦੇ ਵਰਤਣ ਨਾਲ ਤਵਚਾ ਖੁਰਦਰੀ ਅਤੇ ਨਿਰਜੀਵ ਹੋ ਹੌਲੀ ਹੌਲੀ ਉਸ ਦਾ ਕੁਦਰਤੀ ਰੰਗ ਬਦਲਣ ਲੱਗ ਜਾਂਦਾ ਹੈ ਅਤੇ ਫਾਊਂਡੇਸ਼ਨ ਦੀ ਵਰਤੋਂ ਨਾ ਕਰਨ ਤੇ ਰੰਗ ਕਾਲਾ ਦਿਖਾਈ ਦੇਣ ਲੱਗ ਜਾਂਦਾ ਹੈ।
2. ਲਿਪਸਟਿਕ ਦੇ ਵਰਤਣ ਨਾਲ ਬੁਲ੍ਹ ਕਾਲੇ ਪੈ ਜਾਂਦੇ ਹਨ ਅਤੇ ਉਨ੍ਹਾਂ

ਤੇ ਝੁੱਰੀਆਂ ਪੈ ਜਾਂਦੀਆਂ ਹਨ। ਤਵਚਾ ਪਪੜੀ ਬਣ ਕੇ ਉਤਰਨ ਲੱਗ ਜਾਂਦੀ ਹੈ ਅਤੇ ਜੇਕਰ ਲਿਪਸਟਿਕ ਮੂੰਹ ਵਿਚ ਚਲੀ ਜਾਏ ਤਾਂ ਸਿਹਤ ਲਈ ਹਾਨੀਕਾਰਕ ਹੈ।

3. ਹੇਅਰਡਾਈ ਦਾ ਰਸਾਇਨਿਕ ਰੂਪ ਵਿਚ ਬੁਰਾ ਅਸਰ ਪੈਂਦਾ ਹੈ। ਸਿਰ ਵਿਚ ਬਹੁਤ ਜ਼ਿਆਦਾ ਖੁਸ਼ਕੀ, ਖੁਜਲੀ ਤਥਾ ਚਿਹਰੇ ਤੇ ਜਲਨ ਆਦਿ ਦੀ ਸ਼ਿਕਾਇਤ ਹੋ ਜਾਂਦੀ ਹੈ। ਅੱਖਾਂ ਦੀ ਜਿਊਤੀ ਘੱਟ ਜਾਂਦੀ ਹੈ। ਡਾਕਟਰਾਂ ਤੇ ਵਿਗਿਆਨੀਆਂ ਦੇ ਖੋਜ ਅਨੁਸਾਰ ਸਿਰ ਦੀ ਤਵਚਾ ਵਿਚ ਕੈਂਸਰ ਤਕ ਹੋ ਜਾਂਦਾ ਹੈ। ਸਮੇਂ ਤੋਂ ਪਹਿਲਾਂ ਹੀ ਕਾਲੇ ਵਾਲ ਚਿੱਟੇ ਹੋ ਜਾਂਦੇ ਹਨ ਜਿਸ ਕਰ ਕੇ ਇਨ੍ਹਾਂ ਨੂੰ ਹਰ ਵਕਤ ਰੰਗਣਾ ਪੈਂਦਾ ਹੈ ਤੇ ਉਪਰੋਕਤ ਸਾਰੀਆਂ ਬਿਮਾਰੀਆਂ ਤੋਂ ਬਚਣਾ ਮੁਸ਼ਕਲ ਹੋ ਜਾਂਦਾ ਹੈ।

4. ਹੇਅਰ ਸਪਰੇ ਨਾਲ ਵਾਲਾਂ ਦੀ ਅਸਲੀ ਚਮਕ ਖ਼ਤਮ ਹੋ ਜਾਂਦੀ ਹੈ, ਵਾਲ ਸਖ਼ਤ ਹੋ ਜਾਂਦੇ ਹਨ। ਇਹ ਇਕ ਤਰ੍ਹਾਂ ਦਾ ਰਸਾਇਨ ਹੈ ਜੋ ਵਾਲਾਂ ਦੀਆਂ ਜੜ੍ਹਾਂ ਨੂੰ ਕਮਜ਼ੋਰ ਕਰ ਦਿੰਦਾ ਹੈ ਜਿਸ ਨਾਲ ਵਾਲ ਝੜਨ ਲੱਗਦੇ ਹਨ ਤੇ ਸਫ਼ੈਦ ਹੋਣੇ ਸ਼ੁਰੂ ਹੋ ਜਾਂਦੇ ਹਨ।

5. **ਆਈ ਮੇਕਅਪ:** ਆਈ ਸ਼ੈਡੋ ਦੇ ਵਰਤਣ ਨਾਲ ਅੱਖਾਂ ਦਾ ਉਪਰਲਾ ਹਿੱਸਾ ਤੇ ਆਈ ਲਾਈਨਰ ਨਾਲ ਅੱਖਾਂ ਦੇ ਹੇਠਲਾ ਪੱਕੇ ਤੌਰ ਤੇ ਕਾਲਾ ਪੈ ਜਾਂਦਾ ਹੈ। ਆਈ ਮਸਕਾਰਾ ਦੇ ਨਾਲ ਪਲਕਾਂ ਦੇ ਵਾਲ ਟੁੱਟਣ ਲੱਗ ਪੈਂਦੇ ਹਨ।

6. ਨੇਲ ਪਾਲਿਸ਼ ਦੇ ਵਰਤਣ ਨਾਲ ਨਹੁੰ ਪੀਲੇ ਤੇ ਕਮਜ਼ੋਰ ਪੈ ਜਾਂਦੇ ਹਨ। ਬਲਕਿ ਟੁੱਟਣ ਲੱਗ ਪੈਂਦੇ ਹਨ। ਹਿਸ ਨਾਲ ਨਹੁੰਆਂ ਦੀ ਕੁਦਰਤੀ ਚਮਕ ਤੇ ਰੰਗ ਖ਼ਤਮ ਹੋ ਜਾਂਦਾ ਹੈ।

7. ਫੇਸ ਪਾਊਡਰ ਜੇਕਰ ਮੂੰਹ ਵਿਚ ਚਲਾ ਜਾਏ ਤਾਂ ਸਿਹਤ ਲਈ ਹਾਨੀਕਾਰਕ ਹੋ ਜਾਂਦਾ ਹੈ।

ਇਸ ਤਰ੍ਹਾਂ ਬਿਊਟੀ ਪਾਰਲਰਾਂ 'ਚ ਕਰਾਇਆ ਮੇਕਅਪ ਨਾਲ ਬਹੁਤੀ ਵਾਰੀ ਉਪਰਲੀ ਤਵਚਾ ਜੱਲਣ ਲੱਗ ਪੈਂਦੀ ਹੈ। ਲਾਲ-ਲਾਲ ਦਾਣੇ ਨਿਕਲ ਆਉਂਦੇ ਹਨ। ਬਲੀਚਿੰਗ ਵਿਚ ਅਮੋਨੀਆ ਦੀ ਮਾਤਰਾ ਜ਼ਿਆਦਾ ਹੋਣ ਕਰ ਕੇ ਇਸ ਸਰੀਰ ਦੀ ਸੁੰਦਰਤਾ ਖ਼ਤਮ ਕਰਨ ਲਈ ਅਤੇ ਮਾਸ ਤੇ ਉਪਰੀ ਹਿੱਸੇ ਦਾ ਨਾਸ ਮਾਰਨ ਲਈ ਕਾਫ਼ੀ ਹੈ।

ਜੇਕਰ ਨਾਰੀ ਜਾਤੀ ਆਪਣੇ ਆਪ ਨੂੰ ਆਖ਼ਿਰ ਤਕ ਸੁੰਦਰ ਬਣਾਈ ਰੱਖਣਾ

ਚਾਹੁੰਦੀ ਹੈ ਤਾਂ ਉਸ ਲਈ ਜ਼ਰੂਰੀ ਹੈ ਕਿ ਉਹ ਇਨ੍ਹਾਂ ਮੇਕਅਪਾਂ ਤੇ ਬਿਊਟੀ ਪਾਰਲਰਾਂ 'ਚ ਪੈਸਾ ਤੇ ਸਮੇਂ ਨੂੰ ਬਰਬਾਦ ਨਾ ਕਰੇ ਬਲਕਿ ਕੁਦਰਤੀ ਸਾਧਨਾਂ ਨਾਲ ਸੁੰਦਰਤਾ ਨੂੰ ਕਾਇਮ ਰਖੇ। ਇਸ ਤਰ੍ਹਾਂ ਉਹ ਆਪਣੇ ਸਰੀਰ ਦੀ ਕੁਦਰਤੀ ਸੁੰਦਰਤਾ ਨੂੰ ਤਾਂ ਬਚਾਈ ਰਖ ਸਕੇਗੀ ਬਲਕਿ ਕਈ ਰੋਗਾਂ ਤੋਂ ਵੀ ਬਚੀ ਰਹਿ ਸਕੇਗੀ।

(ਨਿਰੀਖਿਅਕ ਚੇਤ 2045)

-ਇਤਿ-